# ਅਧਿਆਇ 25

# ਡੇਹਰੇ ਦੇ ਲਈ ਹਦਾਇਤਾਂ (ਭਾਗ 1)

ਕੂਚ 25 ਵਿਚ ਸ਼ੁਰੂਆਤ ਕਰਦਿਆਂ, ਬਾਕੀ ਦੀ ਬਚੀ ਸਾਰੀ ਪੁਸਤਕ ਵਿਚ ਡੇਹਰੇ ਨੂੰ ਬਣਾਉਣ ਸੰਬੰਧੀ ਵੇਰਵੇ ਦਿੱਤੇ ਗਏ ਹਨ। ਡੇਹਰਾ ਚੱਲਣ-ਫਿਰਨ ਵਾਲਾ ਪਵਿੱਤਰ ਅਸਥਾਨ ਸੀ ਜਿੱਥੇ ਪਰਮੇਸ਼ੁਰ ਆਪਣੀ ਪਰਜਾ ਨਾਲ ਉਨ੍ਹਾਂ ਸਾਲਾਂ ਦੌਰਾਨ ਮਿਲਦਾ ਸੀ ਜੋ ਇਸਰਾਏਲ ਨੇ ਉਜਾੜ ਵਿਚ ਗੁਜਾਰੇ ਸਨ ਅਤੇ ਉਸ ਤੋਂ ਬਾਅਦ ਵੀ ਉਹ ਕਈ ਸਦੀਆਂ ਤੱਕ ਆਪਣੀ ਪਰਜਾ ਨੂੰ ਇਸੇ ਤਰ੍ਹਾਂ ਮਿਲਦਾ ਰਿਹਾ। ਇਸ ਦੀ ਬਣਤਰ ਅਤੇ ਸੇਵਾਵਾਂ ਸੰਬੰਧੀ ਹਦਾਇਤਾਂ ਉਸ ਬਿਵਸਥਾ ਦਾ ਹਿੱਸਾ ਸਨ ਜੋ ਇਸਰਾਏਲ ਨੂੰ ਪਰਮੇਸ਼ੁਰ ਦੁਆਰਾ ਸੀਨਈ ਪਹਾੜ ਤੇ ਮੂਸਾ ਦੇ ਰਾਹੀਂ ਦਿੱਤੀਆਂ ਗਈਆਂ ਸਨ। ਕਿਉਂਕਿ ਜਾਜਕਾਂ ਦਾ ਕੰਮ ਡੇਹਰੇ ਨਾਲ ਸੰਬੰਧਤ ਸੀ, ਜਾਜਕਪੁਣੇ ਸੰਬੰਧੀ ਹਦਾਇਤਾਂ ਨੂੰ ਵੀ ਇਨ੍ਹਾਂ ਅਧਿਆਵਾਂ ਵਿਚ ਸ਼ਾਮਲ ਕੀਤਾ ਗਿਆ ਹੈ।

ਕੂਚ 25-31 ਅਧਿਆਵਾਂ ਵਿਚ ਦਿੱਤੀਆਂ ਹਦਾਇਤਾਂ ਡੇਹਰੇ ਨੂੰ ਬਣਾਉਣ ਨਾਲ ਸੰਬੰਧ ਰੱਖਦੀਆਂ ਹਨ, ਜਦ ਕਿ ਕੂਚ 35-39 ਅਧਿਆਇ ਇਹ ਵਰਣਨ ਕਰਦੇ ਹਨ ਕਿ ਉਨ੍ਹਾਂ ਹਦਾਇਤਾਂ ਨੂੰ ਕਿਵੇਂ ਲਾਗੂ ਕੀਤਾ ਗਿਆ ਸੀ। ਇਸ ਕਹਾਣੀ ਦੇ ਵਿਚਕਾਰ (32-34 ਅਧਿਆਇ), ਲਿਖਤ ਸੋਨੇ ਦੇ ਬੱਛੇ ਦੇ ਸੰਬੰਧ ਵਿਚ ਇਸਰਾਏਲ ਦੇ ਵਿਸ਼ਵਾਸ ਨੂੰ ਤਿਆਗਣ, ਇਸ ਦੀ ਪਰਿਣਾਮੀ ਸਜ਼ਾ ਅਤੇ ਪਰਮੇਸ਼ੁਰ ਦੇ ਆਪਣੀ ਪਰਜਾ ਨਾਲ ਉਸ ਦੇ ਨੇਮ ਦੇ ਕਿਰਪਾਲੂ ਨਵਿਆਉਣ ਬਾਰੇ ਦੱਸਦੀ ਹੈ। ਇਹ ਪੁਸਤਕ ਡੇਹਰੇ ਦੇ ਪੂਰੇ ਹੋਣ ਅਤੇ ਪਰਮੇਸ਼ੁਰ ਦੁਆਰਾ ਇਸ ਨੂੰ ਆਪਣੀ ਹਜ਼ੂਰੀ ਦੀ ਬਰਕਤ ਨਾਲ ਖਤਮ ਹੁੰਦੀ ਹੈ (ਅਧਿਆਇ 40)।

ਅਧਿਆਇ 25 ਯਹੋਵਾਹ ਦੁਆਰਾ ਮੂਸਾ ਨੂੰ ਇਹ ਦੱਸਣ ਨਾਲ ਸ਼ੁਰੂ ਹੁੰਦਾ ਹੈ ਕਿ ਡੇਹਰੇ ਨੂੰ ਬਣਾਉਣ ਦੇ ਲਈ ਸਮਾਨ ਨੂੰ ਕਿਵੇਂ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। ਪਰਮੇਸ਼ੁਰ ਨੇ ਇਸਰਾਏਲੀਆਂ ਤੋਂ ਮੰਗ ਕੀਤੀ ਸੀ ਕਿ ਉਹ ਮਰਜੀ ਦੀ ਭੇਟ ਚੜ੍ਹਾਉਣ (25:1-7)। ਪਰਮੇਸ਼ੁਰ ਦੇ ਨਮੂਨਿਆਂ ਤੇ ਡੇਹਰੇ ਨੂੰ ਬਣਾਉਣ ਦਾ ਸਧਾਰਣ ਹੁਕਮ ਦੇਣ ਤੋਂ ਬਾਅਦ (25:8, 9), ਉਸ ਨੇ ਇਹ ਵਰਣਨ ਕਰਨ ਦੁਆਰਾ ਹਦਾਇਤਾਂ ਦੇਣੀਆਂ ਸ਼ੁਰੂ ਕੀਤੀਆਂ ਕਿ ਡੇਹਰੇ ਦੇ ਅੰਦਰ ਲੱਕੜੀ ਦੀਆਂ ਤਿੰਨ ਚੀਜ਼ਾਂ ਕਿਵੇਂ ਬਣਾਈਆਂ ਜਾਣੀਆਂ ਸਨ: ਨੇਮ ਦਾ ਸੰਦੂਕ (25:10-16), ਪਰਾਸਚਿਤ ਦਾ ਸਰਪੋਸ਼ ਅਤੇ ਕਰੂਬੀ ਨਾਲ (25:17-22); ਹਜ਼ੂਰੀ ਦੀਆਂ ਰੋਟੀਆਂ ਦੀ ਮੇਜ਼ (25:23-30) ਅਤੇ ਸ਼ਮਾਦਾਨ (25:31-39)। ਧੂਪ ਦੀ ਵੇਦੀ ਅਰਥਾਤ ਪਵਿੱਤਰ ਅਸਥਾਨ ਵਿਚ ਲੱਕੜੀ ਦੀ ਇਕ ਹੋਰ ਚੀਜ਼ ਕਿਵੇਂ ਬਣਾਉਣੀ ਹੈ ਇਸ ਦੇ ਬਾਰੇ ਹਦਾਇਤਾਂ 30:1-10 ਤੱਕ ਨਹੀਂ ਮਿਲਦੀਆਂ ਹਨ। ਇਹ ਅਧਿਆਇ ਹਰੇਕ ਚੀਜ਼ ਨੂੰ "ਉਸੇ ਨਮੂਨੇ ਦੇ ਅਨੁਸਾਰ" ਬਣਾਉਣ ਦੀ ਤਾਗੀਦ ਦੇ ਨਾਲ ਖਤਮ ਹੁੰਦਾ ਹੈ ਜਿਹੜਾ ਪਰਮੇਸ਼ੁਰ ਨੇ ਮੂਸਾ ਨੂੰ ਪਹਾੜ ਉੱਤੇ ਵਿਖਾਇਆ ਸੀ (25:40)।

| ਡੇਹਰੇ ਦੀ ਬਣਤ | |
|---|---|
| **ਕੂਚ 25-31**<br>**ਕਿਸ ਚੀਜ਼ ਦੀ ਲੋੜ ਸੀ** | **ਕੂਚ 35-40**<br>**ਕੀ ਕੀਤਾ ਗਿਆ ਸੀ** |
| ਡੇਹਰੇ ਦੇ ਲਈ ਭੇਟਾਂ (25:1-9) | ਭੇਟਾਂ ਜਿਨ੍ਹਾਂ ਦਾ ਹੁਕਮ ਦਿੱਤਾ ਗਿਆ ਅਤੇ ਡੇਹਰੇ ਦੇ ਲਈ ਲਿਆਂਦਾ ਗਿਆ (35:4-9, 20-29; 36:2-7) |
| ਨੇਮ ਦਾ ਸੰਦੂਕ (25:10-22) | ਸੰਦੂਕ (37:1-7) |
| ਹਜ਼ੂਰੀ ਦੀਆਂ ਰੋਟੀਆਂ ਵਾਲੀ ਮੇਜ਼ (25:23-30) | ਮੇਜ਼ (37:8-16) |
| ਸੋਨੇ ਦਾ ਸ਼ਮਾਦਾਨ (25:31-39) | ਸ਼ਮਾਦਾਨ (37:17-24) |
| ਪੜਦੇ, ਫੱਟੀਆਂ, ਚੀਥੀਆਂ, ਪੜਦਾ, ਓਟ (26:1-37) | ਪੜਦੇ, ਫੱਟੀਆਂ (36:8-38) |
| ਹੋਮ ਦੀ ਬਲੀ ਦੇ ਲਈ ਪਿੱਤਲ ਦੀ ਜਾਗਵੇਦੀ (27:1-8) | ਹੋਮ ਦੀ ਬਲੀ ਦੀ ਜਗਵੇਦੀ (38:1-7) |
| ਡੇਹਰੇ ਦਾ ਹਾਤਾ (27:9-19) | ਡੇਹਰੇ ਦਾ ਹਾਤਾ (38:9-20) |
| ਚਾਨਣ ਦੇ ਲਈ ਤੇਲ (27:20, 21) | ਚਾਨਣ ਦੇ ਲਈ ਤੇਲ [39:37] |
| ਜਾਜਕਾਂ ਦੇ ਬਸਤ੍ਰ (28:1-43) | ਜਾਜਕਾਂ ਦੇ ਬਸਤ੍ਰ (39:1-31) |
| ਜਾਜਕਾਂ ਅਤੇ ਭੇਟਾਂ ਦੀ ਪਵਿੱਤ੍ਰਤਾ (29:1-43) | |
| ਧੂਪ ਦੀ ਜਾਗਵੇਦੀ (30:1-10) | ਧੂਪ ਦੀ ਜਾਗਵੇਦੀ (37:25-28) |
| ਡੇਹਰੇ ਦੇ ਲਈ ਪਰਾਸਚਿਤ ਦੀ ਚਾਂਦੀ (30:11-16) | ਡੇਹਰੇ ਦੀ ਲਾਗਤ (38:24-31) |
| ਪਿੱਤਲ ਦਾ ਹੌਦ (30:17-21) | ਪਿੱਤਲ ਦਾ ਹੌਦ (38:8) |
| ਮਸਹ ਦਾ ਤੇਲ ਅਤੇ ਸੁਗੰਧੀ ਧੂਪ (30:22-28) | ਤੇਲ ਅਤੇ ਸੁਗੰਧੀ ਧੂਪ (38:8) |
| ਡੇਹਰੇ ਦੇ ਬਣਾਉਣ ਵਾਲਿਆਂ ਨੂੰ ਚੁਣਨਾ (31:1-11) | ਡੇਹਰੇ ਦੇ ਬਣਾਉਣ ਵਾਲਿਆਂ ਨੂੰ ਸੱਦਣਾ ਅਤੇ ਨਾਮ ਰੱਖਣਾ (35:10-19, 30-35; 36:1, 2; 38:21-23) |
| ਸਬਤ ਨੂੰ ਮੰਨਣਾ (31:12-17) | |
| | ਡੇਹਰੇ ਦਾ ਸੰਪੂਰਣ ਹੋਣਾ ਅਤੇ ਸਥਾਪਤ ਕਰਨਾ; ਯਵੋਹਾਹ ਦਾ ਡੇਹਰੇ ਵਿਚ ਪ੍ਰਵੇਸ਼ ਕਰਨਾ (39:32-43; 40:1-37)। |

# ਡੇਹਰੇ ਦੇ ਲਈ ਯੋਗਦਾਨ ਅਤੇਆਗਿਆ (25:1-9)

**1ਯਹੋਵਾਹ ਨੇ ਮੂਸਾ ਨਾਲ ਗੱਲ ਕੀਤੀ ਕਿ 2ਇਸਰਾਏਲੀਆਂ ਨੂੰ ਫ਼ਰਮਾ ਭਈ ਓਹ ਮੇਰੇ ਲਈ
ਚੜ੍ਹਾਵਾ ਲਿਆਉਣ। ਹਰ ਇੱਕ ਮਨੁੱਖ ਤੋਂ ਜਿਹ ਦਾ ਮਨ ਉਹ ਨੂੰ ਪਰੇਰੇ ਤੁਸੀਂ ਮੇਰਾ ਚੜ੍ਹਾਵਾ ਲਿਓ।
3ਏਹ ਉਹ ਚੜ੍ਹਾਵਾ ਹੈ ਜਿਹੜਾ ਤੁਸੀਂ ਉਨ੍ਹਾਂ ਤੋਂ ਲਿਓ ਅਰਥਾਤ ਸੋਨਾ ਚਾਂਦੀ ਪਿੱਤਲ 4ਨੀਲਾ ਅਰ
ਬੈਂਗਣੀ ਅਰ ਕਿਰਮਚੀ ਰੰਗ ਅਤੇ ਮਹੀਨ ਕਤਾਨ ਅਰ ਪਸ਼ਮ 5ਅਰ ਛੱਤ੍ਰਿਆਂ ਦੀਆਂ ਲਾਲ ਰੰਗੀਆਂ
ਹੋਈਆਂ ਖੱਲਾਂ ਅਰ ਬੱਕਰਿਆਂ ਦੀਆਂ ਖੱਲਾਂ ਅਤੇ ਸ਼ਿੱਟੀਮ ਦੀ ਲੱਕੜੀ 6ਅਤੇ ਦੀਵੇ ਦਾ ਤੇਲ ਅਰ
ਮਸਹ ਕਰਨ ਦੇ ਤੇਲ ਦਾ ਅਤੇ ਸੁਗੰਧੀ ਦੀ ਧੂਪ ਦਾ ਮਸਾਲਾ 7ਸੁਲੇਮਾਨੀ ਪੱਥਰ ਅਰ ਏਫੋਦ ਵਿੱਚ
ਅਰ ਸੀਨੇ ਬੰਦ ਵਿੱਚ ਜੜਨ ਲਈ ਨਗ। 8ਅਤੇ ਓਹ ਮੇਰੇ ਲਈ ਇੱਕ ਪਵਿੱਤ੍ਰ ਅਸਥਾਨ ਬਣਾਉਣ
ਤਾਂ ਜੋ ਮੈਂ ਉਨ੍ਹਾਂ ਦੇ ਵਿਚਕਾਰ ਵੱਸਾਂ। 9ਜਿਵੇਂ ਮੈਂ ਤੈਨੂੰ ਸਭ ਕੁਝ ਵਿਖਾਉਂਦਾ ਹਾਂ ਡੇਹਰੇ ਦੇ ਨਮੂਨੇ
ਉੱਤੇ ਅਤੇ ਉਸ ਦੇ ਸਾਰੇ ਸਮਾਨ ਦੇ ਨਮੂਨੇ ਉੱਤੇ ਓਵੇਂ ਹੀ ਬਣਾਇਓ।**

ਡੇਹਰੇ ਨੂੰ ਬਣਾਉਣ ਦੇ ਲਈ ਹਦਾਇਤਾਂ ਚੜ੍ਹਾਵਾ ਲੈਣ ਦੇ ਹੁਕਮ ਨਾਲ ਸ਼ੁਰੂ ਹੁੰਦੀਆਂ ਹਨ (35:4-9 ਨਾਲ ਤੁਲਨਾ ਕਰੋ)। ਇਸ ਚੜ੍ਹਾਵੇ ਬਾਰੇ ਤਿੰਨ ਤੱਥ ਧਿਆਨ ਦੇਣ ਯੋਗ ਹਨ: (1) ਇਹ ਸਵੈ ਇੱਛਾ ਦੀ ਭੇਟ ਸੀ (2) ਇਸ ਦੇ ਵਿਚ ਬਹੁਮੁੱਲੇ ਤੋਹਫ਼ੇ ਸ਼ਾਮਲ ਸਨ (3) ਜੋ ਵਿਹਾਰਕ ਉਦੇਸ਼ਾਂ ਦੇ ਲਈ ਇਸਤੇਮਾਲ ਕੀਤੇ ਜਾਣੇ ਸਨ।

**ਆਇਤਾਂ 1, 2.** ਲੋਕਾਂ ਦੁਆਰਾ ਮਰਜੀ ਦੀਆਂ ਭੇਟਾਂ ਦਿੱਤੀਆਂ ਜਾਣੀਆਂ ਸਨ, **ਹਰ ਇੱਕ ਮਨੁੱਖ ਤੋਂ ਜਿਹ ਦਾ ਮਨ ਉਹ ਨੂੰ ਪਰੇਰੇ**। ਸਪੱਸ਼ਟ ਤੌਰ ਤੇ, ਇਹ **ਚੜ੍ਹਾਵਾ** ਦਸਵੰਧ, ਮਸੂਲ ਜਾਂ ਇਸਰਾਏਲ ਦੇ ਆਗੂਆਂ ਦੁਆਰਾ ਥੋਪੀ ਗਈ ਜ਼ਿੰਮੇਵਾਰੀ ਨਹੀਂ ਸੀ। ਸਿਰਫ ਲੋਕਾਂ ਦਾ ਪ੍ਰੇਮ, ਧੰਨਵਾਦ ਅਤੇ ਪਰਮੇਸ਼ੁਰ ਲਈ ਆਦਰ ਉਨ੍ਹਾਂ ਨੂੰ ਚੜ੍ਹਾਵਾ ਦੇਣ ਦੇ ਲਈ ਮਜਬੂਰ ਕਰੇਗਾ। ਜੌਨ ਆਈ. ਡਰਹਮ ਨੇ ਆਖਿਆ ਸੀ ਕਿ ਇਹ ਚੜ੍ਹਾਵਾ "ਇਕ ਅਜ਼ਾਦ ਅਤੇ ਖੁਸ਼ੀ ਵਾਲੀ ਭੇਟ" ਹੋਣੀ ਸੀ।[1]

**ਆਇਤਾਂ 3-7.** ਬਾਕੀ ਦੀ ਕਹਾਣੀ ਉਸ ਦਾ ਵਰਣਨ ਕਰਦੀ ਹੈ ਜੋ ਉਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਦਿੱਤਾ ਸੀ (ਵੇਖੋ 35:20-29; 36:2-7)। ਇਹ ਭੇਟ ਇੱਕੋ ਵਾਰ ਦੇਣ ਵਾਲਾ ਚੜ੍ਹਾਵਾ ਹੋਣਾ ਸੀ। ਬਿਵਸਥਾ ਦਸਵੰਧਾਂ ਸਮੇਤ ਨਿਯਮਤ ਭੇਟਾਂ ਦੀ ਮੰਗ ਕਰਦੀ ਸੀ (ਲੇਵੀਆਂ 27:30-32; ਗਿਣਤੀ 18:21-29; ਬਿਵਸਥਾ ਸਾਰ 12:6, 11; 14:22-28; ਵੇਖੋ 2 ਇਤਹਾਸ 31:5, 6, 12; ਨਹਮਯਾਹ 10:37, 38; 13:12; ਆਮੋਸ 4:4; ਮਲਾਕੀ 3:8-10)। ਇਸ ਤੋਂ ਇਲਾਵਾ, 30:11-16 ਉਹ ਚੜ੍ਹਾਵਾ ਚੜ੍ਹਾਉਣ ਦੀ ਗੱਲ ਕਰਦੀਆਂ ਹਨ ਜਦੋਂ ਲੋਕਾਂ ਦੀ ਗਿਣਤੀ ਕੀਤੀ ਜਾਣੀ ਸੀ।

ਇਸਰਾਏਲੀਆਂ ਨੇ ਜੋ ਦਿੱਤਾ ਉਹ ਬਹੁਮੁੱਲਾ ਸੀ। ਉਨ੍ਹਾਂ ਦੁਆਰਾ ਸਵੈ-ਇੱਛਾ ਨਾਲ ਦਿੱਤੀਆਂ ਗਈਆਂ ਕੁਝ ਭੇਟਾਂ ਦੀ ਕੀਮਤ ਦਾ ਸੰਕੇਤ 38:24-31 ਵਿਚ ਵੇਖਿਆ ਗਿਆ ਹੈ। ਉਨ੍ਹਾਂ ਕੋਲ ਚੜ੍ਹਾਵਾ ਚੜ੍ਹਾਉਣ ਦੇ ਲਈ ਇੰਨਾ ਧਨ ਕਿੱਥੋਂ ਆਇਆ ਸੀ? ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਰਾਏਲੀਆਂ ਨੇ ਡੇਹਰੇ ਨੂੰ ਬਣਾਉਣ ਦੇ ਲਈ ਜੋ ਭੇਟਾਂ ਦਿੱਤੀਆਂ ਸਨ ਉਨ੍ਹਾਂ ਦਾ ਜ਼ਿਆਦਾਤਰ ਹਿੱਸਾ ਉਸ ਵਿੱਚੋਂ ਦਿੱਤਾ ਗਿਆ ਸੀ ਜੋ ਉਨ੍ਹਾਂ ਨੇ ਮਿਸਰ ਵਿੱਚੋਂ ਨਿੱਕਲਣ ਤੋਂ ਪਹਿਲਾਂ ਮਿਸਰੀਆਂ ਦੇ ਕੋਲੋਂ ਮੰਗਿਆ ਅਤੇ ਪ੍ਰਾਪਤ ਕੀਤਾ ਸੀ (3:21, 22; 11:2; 12:33-36)। ਜੌਨ ਜੇ. ਡੇਵਿਸ ਨੇ ਸੁਝਾਅ ਦਿੱਤਾ ਸੀ,

> ਸ਼ਾਇਦ ਵਾਧੂ ਸਮੱਗਰੀ ਵੀ ਪ੍ਰਾਪਤ ਕੀਤੀ ਗਈ ਸੀ - ਜਦੋਂ [ਇਸਰਾਏਲ ਨੇ] ਰਫ਼ੀਦੀਮ ਵਿਚ ਅਮਾਲੇਕੀਆਂ ਨੂੰ ਹਰਾਇਆ ਸੀ (17:8-16)। ਇਸ ਤੋਂ ਇਲਾਵਾ ਜਿਸ ਕਿਸੇ ਵੀ ਸਮੱਗਰੀ ਦੀ ਲੋੜ ਸੀ ਉਹ ਕਾਫ਼ਲਿਆਂ ਨਾਲ ਵਪਾਰ ਕਰਨ ਦੁਆਰਾ ਪ੍ਰਾਪਤ ਕੀਤੀ ਗਈ ਹੋਵੇਗੀ ਜੋ ਸੀਨਈ

ਪ੍ਰਾਇਦੀਪ ਦੇ ਥਾਣੀਂ ਲੰਘੇ ਸਨ।[2]

ਬਹੁਮੁੱਲੇ ਅਤੇ ਸਵੈ-ਇੱਛਤ ਹੋਣ ਤੋਂ ਇਲਾਵਾ, **ਸੋਨੇ** ਅਤੇ **ਪਿੱਤਲ** ਦੀਆਂ ਇਸਰਾਏਲੀਆਂ ਦੀਆਂ ਭੇਟਾਂ ਵਿਹਾਰਕ ਅਤੇ ਉਪਯੋਗੀ ਸਨ। ਸੋਨਾ ਜਿਹੜਾ ਦਿੱਤਾ ਗਿਆ ਸੀ ਨੇਮ ਦੇ ਸੰਦੂਕ ਨੂੰ ਮੜ੍ਹਨ ਦੇ ਲਈ ਵਰਤਿਆ ਗਿਆ ਸੀ ਅਤੇ ਹੋਮ ਦੀ ਬਲੀ ਦੀ ਜਗਵੇਦੀ ਨੂੰ ਪਿੱਤਲ ਦੇ ਨਾਲ ਮੜ੍ਹਿਆ ਗਿਆ ਸੀ।[3]

**ਆਇਤ 8.** ਪਰਮੇਸ਼ੁਰ ਨੇ ਮੂਸਾ ਨੂੰ ਦੱਸਿਆ ਕਿ ਇਸਰਾਏਲੀਆਂ ਨੇ ਕੀ ਬਣਾਉਣਾ ਸੀ ਅਤੇ ਉਨ੍ਹਾਂ ਨੇ ਇਸ ਨੂੰ ਕਿਵੇਂ ਬਣਾਉਣਾ ਸੀ (ਵੇਖੋ 35:30-36:2)। ਇਸਰਾਏਲੀਆਂ ਨੇ ਇਕ **ਪਵਿੱਤ੍ਰ ਅਸਥਾਨ** ਬਣਾਉਣਾ ਸੀ। ਇਬਰਾਨੀ ਸ਼ਬਦ שׁדָּקְמִ *(ਮਿਕਦਾਸ਼)* ਦਾ ਸ਼ਾਬਦਿਕ ਅਰਥ ਹੈ "ਪਵਿੱਤਰ ਅਸਥਾਨ" (ਵੇਖੋ 36:1) ਅਤੇ ਇਹ ਪੁਰਾਣੇ ਨੇਮ ਵਿਚ ਅੱਗੇ ਚੱਲ ਕੇ ਹੈਕਲ ਦੇ ਸੰਬੰਧ ਵਿਚ ਵਰਤਿਆ ਗਿਆ ਹੈ (ਯਿਰਮਿਯਾਹ 17:12)।[4] ਇਹ ਇਸ ਲਈ ਪਵਿੱਤਰ ਸੀ ਕਿਉਂਕਿ ਪਰਮੇਸ਼ੁਰ ਨੇ ਇਸ ਨੂੰ ਪਵਿੱਤਰ ਬਣਾਇਆ ਸੀ। ਇਹ ਬੰਦ ਇਸ ਦਾ ਵੀ ਸੰਕੇਤ ਦਿੰਦਾ ਹੈ ਕਿ ਡੇਹਰੇ ਦਾ ਮੁਢਲਾ ਉਦੇਸ਼ ਕੀ ਸੀ: ਇਹ ਇਸ ਲਈ ਬਣਾਇਆ ਜਾਣਾ ਸੀ ਤਾਂ ਜੋ ਪਰਮੇਸ਼ੁਰ **ਉਨ੍ਹਾਂ ਦੇ ਵਿਚਕਾਰ ਵੱਸ** ਸਕੇ।

ਬੇਸ਼ੱਕ, ਪਰਮੇਸ਼ੁਰ ਜਿਸ ਨੇ ਅਕਾਸ਼ ਅਤੇ ਧਰਤੀ ਨੂੰ ਬਣਾਇਆ ਹੈ ਉਨ੍ਹਾਂ ਇਮਾਰਤਾਂ ਵਿਚ ਨਹੀਂ ਵੱਸਦਾ ਜੋ ਮਨੁੱਖੀ ਹੱਥਾਂ ਦੇ ਦੁਆਰਾ ਬਣਾਈਆਂ ਗਈਆਂ ਹਨ (ਰਸੂਲਾਂ ਦੇ ਕਰਤੱਬ 17:24)। ਨਾ ਹੀ ਉਸ ਨੂੰ ਕਿਸੇ ਇਕ ਥਾਂ ਤੱਕ ਸੀਮਤ ਕੀਤਾ ਜਾ ਸਕਦਾ ਹੈ, ਕਿਉਂਕਿ ਉਹ ਸਰਬਵਿਆਪੀ ਹੈ (ਜ਼ਬੂਰ 139:7-12)। ਫਿਰ ਵੀ, ਯਹੋਵਾਹ ਇਕ ਖ਼ਾਸ ਭਾਵ ਵਿਚ ਡੇਹਰੇ ਦੇ ਵਿਚ ਵੱਸਿਆ: ਉੱਥੇ ਉਹ ਲੋਕਾਂ ਨਾਲ ਮਿਲਿਆ, ਖਾਸਕਰ ਪਰਾਸਚਿਤ ਦਾ ਸਰਪੋਸ਼ ਤੇ (25:22)। ਉਸੇ ਤਰ੍ਹਾਂ, ਪਰਮੇਸ਼ੁਰ ਬਾਅਦ ਵਿਚ ਹੈਕਲ ਵਿਚ ਵੱਸਿਆ (1 ਰਾਜਿਆਂ 8:10-13)।

ਇਸ ਭਾਵ ਵਿਚ ਕਿ ਡੇਹਰਾ ਪਰਮੇਸ਼ੁਰ ਦੇ ਲਈ ਨਿਵਾਸ ਸਥਾਨ ਸੀ, ਇਹ ਮਨੁੱਖਜਾਤੀ ਨਾਲ ਪਰਮੇਸ਼ੁਰ ਦੇ ਬਾਅਦ ਦੇ ਵਿਹਾਰਾਂ ਦਾ ਇਕ ਪਰਛਾਵਾਂ ਜਾਂ ਰੂਪ ਬਣਿਆ।

(1) ਨਵੇਂ ਨੇਮ ਦੇ ਲੇਖਕਾਂ ਨੇ ਮਸੀਹ ਦੇ ਦੇਹਧਾਰਣ ਦਾ ਹਵਾਲਾ ਦੇਣ ਦੇ ਲਈ ਇਸੇ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕੀਤੀ ਸੀ। ਯੂਹੰਨਾ ਨੇ ਲਿਖਿਆ ਕਿ "ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ" (ਯੂਹੰਨਾ 1:14)। ਉਸ ਨੇ "ਵਾਸ ਕੀਤਾ" ਦੇ ਲਈ ਯੂਨਾਨੀ ਸ਼ਬਦ (σκηνόω, *ਸਕੀਨੂ)* ਵਰਤਿਆ ਜਿਸ ਦਾ ਅਰਥ ਹੈ "ਡੇਹਰਾ," ਜਾਂ "ਤੰਬੂ ਵਿਚ ਵੱਸਣਾ।" (ਇਹੀ ਸ਼ਬਦ ਪਰਕਾਸ਼ ਦੀ ਪੋਥੀ 21:3 ਵਿਚ ਵਰਤਿਆ ਗਿਆ ਹੈ।) ਇਸ ਲਈ, ਡੇਹਰੇ ਵਿਚ ਪਰਮੇਸ਼ੁਰ ਦਾ ਵੱਸਣਾ ਉਸ ਦੀ ਇਕ ਝਲਕ ਸੀ ਜੋ ਪੁੱਤਰ ਅਰਥਾਤ ਪਰਮੇਸ਼ੁਰ, ਸ਼ਬਦ ਨੇ ਕੀਤਾ ਜਦੋਂ ਉਸ ਨੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਯਿਸੂ "ਸਰੀਰ ਵਿਚ ਪਰਮੇਸ਼ੁਰ" ਸੀ, ਮਨੁੱਖੀ ਸਰੀਰ ਵਿਚ ਰਹਿ ਰਿਹਾ ਸੀ ਤਾਂ ਕਿ ਉਹ ਮਨੁੱਖਾਂ ਵਿਚ ਆਪਣਾ ਨਿਵਾਸ ਸਥਾਨ ਬਣਾ ਸਕਦਾ।

(2) ਡੇਹਰਾ ਕਲੀਸੀਆ ਦਾ ਪਰਛਾਵਾਂ ਜਾਂ ਰੂਪ ਬਣਿਆ। ਵਰਤਮਾਨ ਯੁੱਗ ਵਿਚ, ਪਰਮੇਸ਼ੁਰ ਹਰ ਥਾਂ ਤੇ ਮੌਜੂਦ ਹੈ, ਪਰ ਉਹ ਖਾਸ ਕਰਕੇ ਕਲੀਸੀਆ ਵਿਚ ਵੱਸਦਾ ਹੈ, ਜਿਸ ਦੇ ਵਿਚ ਮਸੀਹੀ ਲੋਕ "ਆਤਮਾ ਵਿੱਚ ਪਰਮੇਸ਼ੁਰ ਦਾ ਭਵਨ ਹੋਣ ਲਈ ਇੱਕ ਸੰਗ ਬਣਾਏ ਜਾਂਦੇ ਹਨ" (ਅਫ਼ਸੀਆਂ 2:22; ਵੇਖੋ 1 ਕੁਰਿੰਥੀਆਂ 3:16)।

(3) ਡੇਹਰਾ ਅਤੇ ਕਲੀਸੀਆ ਦੋਵੇਂ ਸੁਰਗ ਦਾ ਪਰਛਾਵਾਂ ਹਨ। ਯੂਹੰਨਾ ਨੇ ਲਿਖਿਆ, "ਵੇਖੋ, ਪਰਮੇਸ਼ੁਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ ਅਤੇ ਉਹ ਓਹਨਾਂ ਨਾਲ ਡੇਰਾ ਕਰੇਗਾ ਅਤੇ ਓਹ ਉਸ ਦੀ

ਪਰਜਾ ਹੋਣਗੇ ਅਤੇ ਪਰਮੇਸ਼ੁਰ ਆਪ ਓਹਨਾਂ ਦਾ ਪਰਮੇਸ਼ੁਰ ਹੋ ਕੇ ਓਹਨਾਂ ਦੇ ਨਾਲ ਰਹੇਗਾ" (ਪਰਕਾਸ਼ ਦੀ ਪੋਥੀ 21:3)।

**ਆਇਤ 9.** ਇਸਰਾਏਲੀਆਂ ਨੇ ਇਹ ਪਵਿੱਤ੍ਰ ਅਸਥਾਨ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਬਣਾਉਣਾ ਸੀ। ਡੇਹਰੇ ਦੀ ਰਚਨਾ ਦੀ ਪੂਰੀ ਕਹਾਣੀ ਵਿਚ, ਜਦੋਂ ਉਨ੍ਹਾਂ ਨੇ ਇਸ ਨੂੰ ਬਣਾਇਆ ਤਾਂ ਜ਼ੋਰ ਇਸਰਾਏਲ ਦੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨ ਦੇ ਮਹੱਤਵ ਤੇ ਅਤੇ ਇਸ ਤੱਥ ਤੇ ਹੈ ਕਿ ਉਨ੍ਹਾਂ ਨੇ ਬਿਲਕੁਲ ਉਹੀ ਕੀਤਾ ਜੋ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ। ਕੋਲ ਨੇ ਲਿਖਿਆ, "ਪਰਮੇਸ਼ੁਰ ਦੀ ਮੁੱਖ ਯੋਜਨਾ ਨੂੰ ਪੂਰਾ ਕਰਨ ਦੇ ਲਈ ਆਗਿਆਕਾਰੀ ਜਰੂਰੀ [ਸੀ)]"[5] ਉਹ ਆਪਣੇ ਕੰਮ ਨੂੰ ਪੂਰਾ ਕਰਨ ਵਿਚ ਇਸ ਲਈ ਸਫ਼ਲ ਹੋਏ ਕਿਉਂਕਿ ਉਨ੍ਹਾਂ ਨੇ ਪਰਮੇਸ਼ੁਰ ਦੀਆਂ ਹਦਾਇਤਾਂ ਦੀ ਚੌਕਸੀ ਨਾਲ ਅਗਿਆਕਾਰੀ ਕੀਤੀ। ਇਬਰਾਨੀਆਂ 8:4, 5 ਕੂਚ 25:40 ਦੇ ਅਨੁਵਾਦ ਦਾ ਹਵਾਲਾ ਦਿੰਦੀਆਂ ਹਨ: "ਸੋ ਵੇਖ ਤੂੰ ਉਨ੍ਹਾਂ ਨੂੰ ਉਸੇ ਨਮੂਨੇ ਦੇ ਬਣਾਈਂ ਜਿਹੜਾ ਤੈਨੂੰ ਪਹਾੜ ਉੱਤੇ ਵਿਖਾਇਆ ਗਿਆ ਸੀ।" ਇਹ ਹਵਾਲਾ ਲੇਵੀ ਜਾਜਕਾਂ ਦੀ ਨਵੇਂ ਨੇਮ ਦੀਆਂ "ਸੁਰਗੀ ਵਸਤਾਂ" ਦੀ ਇਕ "ਨਕਲ ਜਾਂ ਪਰਛਾਵੇਂ" ਦੇ ਰੂਪ ਵਿਚ ਗੱਲ ਕਰਦਾ ਹੈ।

ਜਦੋਂ ਪਰਮੇਸ਼ੁਰ ਨੇ ਆਖਿਆ ਕਿ ਉਹ **ਮੂਸਾ** ਨੂੰ **ਡੇਹਰੇ ਦੇ ਨਮੂਨੇ ਅਤੇ ਉਸ ਦੇ ਸਾਰੇ ਸਮਾਨ ਦੇ ਨਮੂਨੇ** ਵਿਖਾਵੇਗਾ, ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਿ ਪਰਮੇਸ਼ੁਰ ਉਸ ਦਾ ਇਕ ਦਿਸਣ ਵਾਲਾ ਪ੍ਰਤੀਰੂਪ ਦੇਣਾ ਚਾਹੁੰਦਾ ਸੀ ਜੋ ਉਹ ਚਾਹੁੰਦਾ ਸੀ ਕਿ ਇਸਰਾਏਲੀ ਬਣਾਉਣ। ਡਰਹਮ ਨੇ ਆਖਿਆ ਕਿ ਡੇਹਰੇ ਦੇ ਲਈ ਯੋਜਨਾ ਵਿਚ "ਇਕ ਦਰਸ਼ਣ ਸ਼ਾਮਲ ਹੋਵੇਗਾ।"[6] ਇਕ ਹੋਰ ਸੰਭਾਵਨਾ ਇਹ ਹੈ ਕਿ ਪਰਮੇਸ਼ੁਰ ਨੇ ਮੂਸਾ ਨੂੰ ਇਕ ਕਿਸਮ ਦਾ ਨਕਸ਼ਾ ਦਿੱਤਾ ਸੀ ਜੋ ਬਣਾਉਣ ਵਾਲਿਆਂ ਨੂੰ ਉਹ ਜਾਣਨ ਦੇ ਯੋਗ ਬਣਾਵੇਗਾ ਜੋ ਪਰਮੇਸ਼ੁਰ ਉਨ੍ਹਾਂ ਕੋਲੋਂ ਬਣਵਾਉਣਾ ਚਾਹੁੰਦਾ ਸੀ।

## ਨੇਮ ਦਾ ਸੰਦੂਕ (25:10-16)

**10ਓਹ ਸ਼ਿੱਟੀਮ ਦੀ ਲੱਕੜੀ ਦਾ ਇੱਕ ਸੰਦੂਕ ਬਣਾਉਣ ਜਿਸ ਦੀ ਲੰਬਾਈ ਢਾਈ ਹੱਥ ਅਤੇ**
**ਚੁੜਾਈ ਡੇਢ ਹੱਥ ਅਤੇ ਉਚਾਈ ਡੇਢ ਹੱਥ ਹੋਵੇ। 11ਤੂੰ ਉਸ ਉੱਤੇ ਕੁੰਦਨ ਸੋਨਾ ਮੜ੍ਹੀਂ ਅਤੇ ਤੂੰ ਉਸ**
**ਨੂੰ ਅੰਦਰੋਂ ਬਾਹਰੋਂ ਮੜ੍ਹੀਂ ਅਤੇ ਤੂੰ ਉਸ ਉੱਤੇ ਸੋਨੇ ਦੀ ਬਨੇਰੀ ਚੁਫੇਰੇ ਬਣਾਈਂ। 12ਉਸ ਦੇ ਲਈ ਸੋਨੇ**
**ਦੇ ਚਾਰ ਕੜੇ ਢਾਲ ਕੇ ਉਹ ਦਿਆਂ ਚੌਹਾਂ ਪਾਵਿਆਂ ਵਿੱਚ ਲਾਈਂ ਅਰਥਾਤ ਦੋ ਕੜੇ ਇੱਕ ਪਾਸੇ ਦੋ**
**ਕੜੇ ਦੂਜੇ ਪਾਸੇ। 13ਨਾਲੇ ਤੂੰ ਸ਼ਿੱਟੀਮ ਦੀ ਲੱਕੜੀ ਦੀਆਂ ਚੋਬਾਂ ਬਣਾਈਂ ਅਤੇ ਉਨ੍ਹਾਂ ਉੱਤੇ ਸੋਨਾ ਮੜ੍ਹੀਂ।**
**14ਤੂੰ ਉਨ੍ਹਾਂ ਚੋਬਾਂ ਨੂੰ ਸੰਦੂਕ ਦੇ ਪਾਸਿਆਂ ਦੇ ਕੜਿਆਂ ਵਿੱਚ ਪਾਵੀਂ ਤਾਂ ਜੋ ਉਨ੍ਹਾਂ ਨਾਲ ਸੰਦੂਕ ਚੁੱਕਿਆ**
**ਜਾਵੇ। 15ਚੋਬਾਂ ਸੰਦੂਕ ਦੇ ਕੜਿਆਂ ਵਿੱਚ ਰਹਿਣ ਅਤੇ ਓਹ ਉਨ੍ਹਾਂ ਵਿੱਚੋਂ ਕੱਢੀਆਂ ਨਾ ਜਾਣ। 16ਤੂੰ**
**ਉਸ ਸੰਦੂਕ ਵਿੱਚ ਉਹ ਸਾਖੀ ਰੱਖੀਂ ਜਿਹੜੀ ਮੈਂ ਤੈਨੂੰ ਦੇਵਾਂਗਾ।**

ਪਰਮੇਸ਼ੁਰ ਨੇ ਉਸ ਸਮਾਨ ਦੇ ਵਰਣਨ ਦੁਆਰਾ ਡੇਹਰੇ ਨੂੰ ਬਣਾਉਣ ਦੇ ਲਈ ਆਪਣੀਆਂ ਹਦਾਇਤਾਂ ਨੂੰ ਸ਼ੁਰੂ ਕੀਤਾ ਜੋ ਤੰਬੂ ਦੇ ਅੰਦਰ ਰੱਖੀਆਂ ਜਾਣੀਆਂ ਸਨ। ਪਰਤੱਖ ਰੂਪ ਵਿਚ, ਆਪਣੇ ਭਵਨ ਦੇ ਲਈ ਯੋਜਨਾ ਨੂੰ ਦਿੰਦਿਆਂ, ਉਸ ਨੇ ਉਸ ਚੀਜ਼ ਨਾਲ ਸ਼ੁਰੂਆਤ ਕੀਤੀ ਜਿਹੜੀ ਅੱਤ ਪਵਿੱਤਰ ਹੈ - ਪਰਾਸਚਿਤ ਦੇ ਸਰਪੋਸ਼ ਨਾਲ ਨੇਮ ਦਾ ਸੰਦੂਕ - ਅਤੇ ਫਿਰ ਪਵਿੱਤਰ ਅਸਥਾਨ ਦੇ ਬਾਹਰ ਵਾਲੀਆਂ ਚੀਜ਼ਾਂ ਵੱਲ ਚਲਾ ਗਿਆ। ਫਿਰ, ਅਧਿਆਇ 26 ਵਿਚ, ਪਰਮੇਸ਼ੁਰ ਨੇ ਡੇਹਰੇ ਦੇ ਲਈ ਹਦਾਇਤਾਂ ਦਿੱਤੀਆਂ।

**ਆਇਤਾਂ 10, 11.** ਡੇਹਰੇ ਅੰਦਰ ਸਾਰੇ ਸਮਾਨ ਵਿੱਚੋਂ ਪਹਿਲੀ ਚੀਜ਼ ਜਿਸ ਦਾ ਪਰਮੇਸ਼ੁਰ ਨੇ ਵਰਣਨ ਕੀਤਾ ਉਹ ਸੀ ਨੇਮ ਦਾ ਸੰਦੂਕ, ਸ਼ਾਇਦ ਇਸ ਲਈ ਕਿਉਂਕਿ ਇਹ ਸੰਦੂਕ ਡੇਹਰੇ ਦੇ ਮੁਖ

ਚਿੰਨ੍ਹ ਦੇ ਤੌਰ ਤੇ ਕੰਮ ਕਰਦਾ ਸੀ। ਇਸ ਸੰਦੂਕ ਦੇ ਉੱਤੇ ਪਰਾਸਚਿਤ ਦਾ ਸਰਪੋਸ਼ ਹੋਵੇਗਾ, ਉਹ ਸਥਾਨ ਜਿੱਥੇ ਪਰਮੇਸ਼ੁਰ ਅਸਲ ਵਿਚ ਇਸਰਾਏਲ ਨੂੰ ਮਿਲਣਾ ਚਾਹੁੰਦਾ ਸੀ (25:21, 22)। ਪਰ, ਇਸ ਤੋਂ ਪਹਿਲਾਂ ਕਿ ਪਰਾਸਚਿਤ ਦੇ ਸਰਪੋਸ਼ ਦੇ ਬਾਰੇ ਵਰਣਨ ਕੀਤਾ ਜਾਂਦਾ, ਸੰਦੂਕ ਜਿਸ ਦੇ ਉੱਤੇ ਇਹ ਰੱਖਿਆ ਜਾਣਾ ਸੀ ਉਸ ਨੂੰ ਬਣਾਉਣ ਦੇ ਲਈ ਹਦਾਇਤਾਂ ਦਾ ਦਿੱਤਾ ਜਾਣਾ ਜਰੂਰੀ ਸੀ।

ਇਬਰਾਨੀ ਸ਼ਬਦ אֲרוֹן *(ਅਰੋਨ)* ਜਿਸ ਦਾ ਅਨੁਵਾਦ "ਸੰਦੂਕ" ਕੀਤਾ ਗਿਆ ਸੀ, ਉਹ ਸ਼ਬਦ ਨਹੀਂ ਹੈ ਜਿਸ ਦਾ ਅਰਥ ਉਤਪਤ 6:14 ਅਤੇ ਕੂਚ 2:3 (KJV) ਵਿਚ "ਕਿਸ਼ਤੀ" (תֵּבָה, *ਥੀਬਾਹ)* ਕੀਤਾ ਗਿਆ ਹੈ। ਇੱਥੇ "ਸੰਦੂਕ" ਦਾ ਬਿਹਤਰ ਅਨੁਵਾਦ "ਛਾਤੀ" ਕੀਤਾ ਜਾ ਸਕਦਾ ਹੈ।[7] NRSV ਬਾਈਬਲ ਵਿਚ ਰਵਾਇਤੀ "ਸੰਦੂਕ" ਹੀ ਦਿੱਤਾ ਗਿਆ ਹੈ, ਪਰ NIV ਬਾਈਬਲ ਵਿਚ "ਤਿਜੌਰੀ" ਹੈ। ਇਹ ਸੰਦੂਕ ਇਕ ਕਿਸਮ ਦਾ ਬਕਸਾ ਜਾਂ ਤਿਜੌਰੀ ਸੀ ਜੋ ਕਿ ਲਗਭਗ 45" ਲੰਮਾ, 27" ਚੌੜਾ ਅਤੇ 27" ਉੱਚਾ (ਲਗਭਗ 4' x 2' x 2') ਸੀ। ਇਸ ਮਾਪ ਦਾ ਮੰਨਣਾ ਹੈ ਕਿ ਹੱਥ ਲਗਭਗ ਅਠਾਰਾਂ ਇੰਚ ਦਾ ਹੁੰਦਾ ਸੀ। ਇਹ **ਸ਼ਿੱਟੀਮ ਦੀ ਲੱਕੜੀ** ਦਾ ਬਣਿਆ ਅਤੇ **ਸੋਨੇ** ਨਾਲ ਮੜ੍ਹਿਆ ਸੀ।

ਆਇਤ 9 ਵਿਚ ਮੱਧਮ ਪੁਰਖ ("ਤੈਨੂੰ") ਤੋਂ ਆਇਤ 10 ਵਿਚ ਅੱਨ ਪੁਰਖ (**ਓਹ**) ਵਿਚ ਇਕ ਬਦਲਾਅ ਹੈ। ਇਸ ਦਾ ਇਕ ਸੰਭਵ ਕਾਰਣ ਇਹ ਹੈ ਕਿ ਇਬਰਾਨੀ ਲਿਖਤ ਨਾਲ ਇਕ ਮੁਸ਼ਕਲ ਹੈ; NASB ਬਾਈਬਲ ਮੈਸੋਰੈਟਿਕ ਲਿਖਤ ਅਨੁਸਾਰ ਹੈ, ਜਦ ਕਿ ਸਪਤਤੀ ਅਤੇ ਸਾਮਰੀ ਪੰਚਗ੍ਰੰਥ ਵਿਚ ਦੋਹਾਂ ਆਇਤਾਂ ਵਿਚ "ਤੂੰ" ਹੈ। ਕੁਝ ਅਨੁਵਾਦ ਦੋਹਾਂ ਆਇਤਾਂ ਵਿਚ "ਤੂੰ" ਦੀ ਵਰਤੋਂ ਕਰਦੇ ਹਨ ਜਾਂ ਉਨ੍ਹਾਂ ਵਿਚ ਅਰਥ "ਤੂੰ" ਹੀ ਹੈ (REB; NAB; NJB), ਹਾਲਾਂਕਿ ਦੂਜੇ ਅਨੁਵਾਦ, NASB ਬਾਈਬਲ ਵਰਗੇ ਅਨੁਵਾਦਾਂ ਵਿਚ ਆਇਤ 10 ਵਿਚ "ਓਹ" ਅਤੇ ਆਇਤ 11 ਵਿਚ **ਤੂੰ** ਹੈ (KJV; NKJV; NRSV; ESV)। ਉਦਾਹਰਣ ਦੇ ਲਈ, NIV ਬਾਈਬਲ ਆਇਤ 10 ਦਾ "ਓਹ ਇਕ ਸੰਦੂਕ ਬਣਾਉਣ" ਅਤੇ ਆਇਤ 11 ਦਾ "[ਤੂੰ] ਇਸ ਨੂੰ ਮੜ੍ਹ" ਅਨੁਵਾਦ ਕਰਦੀ ਹੈ। ਸ਼ਾਇਦ, ਪੁਰਖ ਵਿਚ ਬਦਲਾਅ ਮਾਮੂਲੀ ਹੈ।

**ਆਇਤਾਂ 12-15.** ਸਭ ਤੋਂ ਪਹਿਲਾਂ ਤਾਂ ਜਦੋਂ ਇਸਰਾਏਲੀ ਉਜਾੜ ਵਿਚ ਚੱਲਦੇ ਫਿਰਦੇ ਸਨ ਤਾਂ ਸੰਦੂਕ ਨੂੰ ਇਕ ਥਾਂ ਤੋਂ ਦੂਜੇ ਥਾਂ ਤੇ ਲੈ ਕੇ ਜਾਣ ਦੇ ਲਈ ਪ੍ਰਬੰਧ ਕਰਨੇ ਪੈਣੇ ਸੀ। ਨਤੀਜੇ ਵਜੋਂ, ਇਸ ਸੰਦੂਕ ਦੇ ਚੌਹਾਂ ਪਾਵਿਆਂ ਤੇ ਇਸ ਨੂੰ ਚੁੱਕਣ ਦੇ ਲਈ **ਸੋਨੇ ਦੇ ਕੜੇ** ਲੱਗੇ ਹੋਏ ਸਨ। **ਸ਼ਿੱਟੀਮ ਦੀ ਲੱਕੜੀ** ਦੀਆਂ ਬਣੀਆਂ ਚੋਬਾਂ ਜੋ ਕਿ **ਸੋਨੇ** ਨਾਲ ਮੜ੍ਹੀਆਂ ਹੋਈਆਂ ਸਨ ਪੱਕੇ ਤੌਰ ਤੇ ਉਨ੍ਹਾਂ ਛੇਦਾਂ ਵਿਚ ਲਗਾਈਆਂ ਗਈਆਂ ਸਨ। ਇਸ ਸੰਦੂਕ ਦੀਆਂ ਚੋਬਾਂ ਇਸ ਤਰੀਕੇ ਨਾਲ ਬਣਾਈਆਂ ਗਈਆਂ ਸਨ ਕਿ ਮਨੁੱਖ ਬਿਨਾਂ ਸੰਦੂਕ ਨੂੰ ਛੋਹੇ ਇਸ ਨੂੰ ਚੁੱਕ ਕੇ ਕਿਤੇ ਵੀ ਲਿਜਾ ਸਕਦੇ ਸਨ।

**ਆਇਤ 16.** ਸੰਦੂਕ ਦੇ ਅੰਦਰ **ਸਾਖੀ** ਰੱਖੀ ਜਾਣੀ ਸੀ, ਅਰਥਾਤ, ਦੋ ਪੱਟੀਆਂ ਜਿਨ੍ਹਾਂ ਤੇ ਦਸ ਹੁਕਮ ਲਿਖੇ ਹੋਏ ਸਨ (ਵੇਖੋ 40:20)। ਇਹ ਪੱਟੀਆਂ ਉਸ ਨੇਮ ਦਾ ਇਕ ਚਿੰਨ੍ਹ ਸੀ ਜਿਹੜਾ ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਬੰਨ੍ਹਿਆ ਸੀ। ਪਰਮੇਸ਼ੁਰ ਦੀ ਪਵਿੱਤਰਤਾਈ ਅਤੇ ਉਸ ਦੀ ਬਿਵਸਥਾ ਦੇ ਕਾਰਣ, ਸੰਦੂਕ ਆਪਣੇ ਆਪ ਵਿਚ ਪਵਿੱਤਰ ਸੀ ਅਤੇ ਇਸ ਨੂੰ ਛੋਹਿਆ ਨਹੀਂ ਸੀ ਜਾ ਸਕਦਾ।

ਪਰਮੇਸ਼ੁਰ ਦੀ ਪਵਿੱਤਰ ਹਜ਼ੂਰੀ ਸੰਦੂਕ ਵਿਚ ਇਸ ਤਰ੍ਹਾਂ ਸਮਾ ਗਈ ਕਿ ਇਸ ਦੀ ਦੁਰਵਰਤੋਂ ਕਰਨਾ ਪਰਮੇਸ਼ੁਰ ਦਾ ਨਿਰਾਦਰ ਕਰਨਾ ਸੀ ਅਤੇ ਇਸ ਦੇ ਘਾਤਕ ਨਤੀਜੇ ਸਨ (2 ਸਮੂਏਲ 6:6, 7)। ਪਰਮੇਸ਼ੁਰ ਦੀ ਹਜ਼ੂਰੀ ਦੇ ਪ੍ਰਤੀਕ ਦੇ ਰੂਪ ਵਿਚ, ਸੰਦੂਕ ਉਨ੍ਹਾਂ ਦੀ ਅਗਵਾਈ ਕਰਦਾ ਸੀ ਜਦੋਂ ਇਸਰਾਏਲੀ ਉਜਾੜ ਵਿਚ ਅੱਗੇ ਚੱਲਦੇ ਅਤੇ ਲੜਦੇ ਸਨ। ਹਰ ਵਾਰ ਜਦੋਂ ਕਿਤੇ ਜਾਣ ਦੇ ਲਈ ਸੰਦੂਕ ਨੂੰ ਚੁੱਕਿਆ ਜਾਂਦਾ ਸੀ, ਤਾਂ ਇੰਜ ਲੱਗਦਾ ਸੀ ਕਿ ਜਿਵੇਂ ਯਹੋਵਾਹ ਕੋਈ ਕਾਰਵਾਈ

ਕਰਨ ਦੇ ਲਈ ਉੱਠਿਆ ਸੀ। ਜਦੋਂ ਸੰਦੂਕ ਨੂੰ ਵਾਪਸ ਡੇਹਰੇ ਵਿਚ ਰੱਖਿਆ ਜਾਂਦਾ ਸੀ, ਤਾਂ ਇੰਜ ਲੱਗਦਾ ਸੀ ਕਿ ਯਹੋਵਾਹ ਆਪਣੀ ਪਰਜਾ ਵਿਚ ਅਰਾਮ ਕਰਨ ਦੇ ਲਈ ਮੁੜ ਆਇਆ ਹੈ (ਗਿਣਤੀ 10:35, 36)। ਜਦੋਂ ਇਸਰਾਏਲੀਆਂ ਨੇ ਕਨਾਨ ਵਿਚ ਦਾਖ਼ਲ ਹੋਣ ਦੇ ਲਈ ਯਰਦਨ ਨਦੀ ਨੂੰ ਪਾਰ ਕੀਤਾ, ਸੰਦੂਕ ਉਨ੍ਹਾਂ ਦੇ ਅੱਗੇ-ਅੱਗੇ ਚੱਲਦਾ ਸੀ। ਇਸ ਦੇ ਅੱਗੇ-ਅੱਗੇ ਚੱਲਣ ਨੇ ਹੀ ਜੋ ਕਿ ਪਰਮੇਸ਼ੁਰ ਦੀ ਹਜ਼ੂਰੀ ਅਤੇ ਸਮਰੱਥਾ ਦਾ ਪ੍ਰਤੀਕ ਸੀ ਲੋਕਾਂ ਨੂੰ ਸੁੱਕੀ ਭੂਮੀ ਤੇ ਯਰਦਨ ਨਦੀ ਨੂੰ ਪਾਰ ਕਰਨ ਦੇ ਯੋਗ ਬਣਾਇਆ ਸੀ (ਯਹੋਸ਼ੁਆ 4:5-18)।

ਇਹ ਤੱਥ ਕਿ ਸੰਦੂਕ ਪਰਮੇਸ਼ੁਰ ਦੀ ਹਜ਼ੂਰੀ ਨੂੰ ਪਰਗਟ ਕਰਦਾ ਸੀ ਬਾਰਾਂ ਖੋਜੀਆਂ ਸੰਬੰਧੀ ਘਟਨਾ ਵਿਚ ਸਪੱਸ਼ਟ ਹੈ (ਗਿਣਤੀ 13; 14)। ਪਰਮੇਸ਼ੁਰ ਦੁਆਰਾ ਇਸਰਾਏਲੀਆਂ ਨੂੰ ਇਹ ਦੱਸਣ ਤੋਂ ਬਾਅਦ ਕਿ ਉਨ੍ਹਾਂ ਨੂੰ ਵਾਅਦੇ ਦੇ ਦੇਸ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ, ਇਸਰਾਏਲੀਆਂ ਨੇ ਫਿਰ ਵੀ ਅਮਾਲੇਕੀਆਂ ਦੇ ਵਿਰੁੱਧ ਲੜਨ ਦੀ ਜਿੱਦ ਕੀਤੀ। ਪਰ, ਨਾ ਹੀ ਮੂਸਾ ਨਾ ਹੀ ਸੰਦੂਕ ਇਸ ਲੜਾਈ ਦੇ ਲਈ ਡੇਹਰੇ ਵਿੱਚੋਂ ਬਾਹਰ ਗਏ। ਉਨ੍ਹਾਂ ਦੀ ਗੈਰ-ਮੌਜੂਦਗੀ ਇਹ ਦੱਸਦੀ ਸੀ ਕਿ ਪਰਮੇਸ਼ੁਰ ਇਸਰਾਏਲ ਦੇ ਨਾਲ ਨਹੀਂ ਸੀ ਅਤੇ ਇਸਰਾਏਲ ਹਾਰ ਗਿਆ (ਗਿਣਤੀ 14:43-45)।

ਸੰਦੂਕ ਇਸ ਹੱਦ ਤੱਕ ਪਰਮੇਸ਼ੁਰ ਦੀ ਹਜ਼ੂਰੀ ਦਾ ਪ੍ਰਤੀਕ ਬਣ ਗਿਆ ਕਿ ਕੁਝ ਇਸਰਾਏਲੀਆਂ ਨਾਲੇ ਗੈਰ-ਇਸਰਾਏਲੀਆਂ ਨੇ ਇਸ ਦੀ ਤੁਲਨਾ ਖੁਦ ਪਰਮੇਸ਼ੁਰ ਨਾਲ ਕਰਨੀ ਸ਼ੁਰੂ ਕਰ ਦਿੱਤੀ ਸੀ। ਸੰਦੂਕ ਦੇ ਲਈ ਲੋਕਾਂ ਨੇ ਮਨਾਂ ਵਿਚ ਅੰਧਵਿਸ਼ਵਾਸੀ ਆਦਰ ਵਿਕਸਤ ਕਰ ਲਿਆ ਅਤੇ ਉਨ੍ਹਾਂ ਨੇ ਪਰਮੇਸ਼ੁਰ ਦੀ ਇੱਛਾ ਦੀ ਪਰਵਾਹ ਨਾ ਕਰਦੇ ਹੋਏ ਇਸ ਨੂੰ ਉਨ੍ਹਾਂ ਦੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਜਾਦੂਈ ਚੀਜ਼ ਦੇ ਰੂਪ ਵਿਚ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ। 1 ਸਮੂਏਲ 4-6 ਵਿਚ, ਪਰਮੇਸ਼ੁਰ ਨੇ ਇਸਰਾਏਲ ਨੂੰ ਇਹ ਸਿੱਖਿਆ ਦਿੱਤੀ ਕਿ ਉਹ ਸੰਦੂਕ ਤੱਕ ਸੀਮਤ ਨਹੀਂ ਸੀ ਅਤੇ ਉਸ ਨੂੰ ਇਸਰਾਏਲ ਨੂੰ ਜਿੱਤ ਦੁਆਉਣ ਦੇ ਲਈ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ। ਨਾਲ ਹੀ ਨਾਲ, ਉਸ ਨੇ ਫਲਿਸਤੀਨੀਆਂ ਨੂੰ ਇਹ ਸਿਖਾਇਆ ਕਿ ਇਸਰਾਏਲ ਦਾ ਪਰਮੇਸ਼ੁਰ ਉਨ੍ਹਾਂ ਦੇ ਦੇਵਤਿਆਂ ਨਾਲੋਂ ਵੱਡਾ ਸੀ।

ਸੰਦੂਕ ਇਸਰਾਏਲ ਦੀ ਬੰਦਗੀ ਦੇ ਲਈ ਕੇਂਦਰ ਬਣਿਆ ਰਿਹਾ - ਨਾ ਸਿਰਫ ਉਜਾੜ ਵਿਚ, ਪਰ ਕੌਮ ਦੇ ਕਨਾਨ ਵਿਚ ਟਿਕਣ ਤੋਂ ਬਾਅਦ ਵੀ। ਆਖ਼ਰਕਾਰ, ਇਸ ਨੂੰ ਸੁਲੇਮਾਨ ਦੁਆਰਾ ਬਣਾਏ ਗਏ ਮੰਦਿਰ ਵਿਚ ਰੱਖ ਦਿੱਤਾ ਗਿਆ। "ਸ਼ਾਇਦ ਇਹ 586 ਈਸਵੀ ਪੂਰਵ ਵਿਚ ਯਰੂਸ਼ਲਮ ਦੇ ਨਾਸ ਦੌਰਾਨ ਨਸ਼ਟ ਹੋ ਗਿਆ।"[8]

ਸੰਦੂਕ ਦੀ ਰਚਨਾ ਦੇ ਅਧਿਐਨ ਦੇ ਜ਼ਰੀਏ, ਡੇਹਰੇ ਬਾਰੇ ਕਈ ਧਾਰਣਾਵਾਂ ਸਪੱਸ਼ਟ ਹੋ ਗਈਆਂ। ਚੀਜ਼ਾਂ ਜਿਨ੍ਹਾਂ ਨੂੰ ਬਣਾਉਣ ਦਾ ਪਰਮੇਸ਼ੁਰ ਦੁਆਰਾ ਹੁਕਮ ਦਿੱਤਾ ਗਿਆ ਸੀ ਉਹ ਇਸ ਦੀ ਪਵਿੱਤਰਤਾ, ਮੁੱਲ, ਉਪਯੋਗਤਾ ਅਤੇ ਸੁੰਦਰਤਾ ਨੂੰ ਦਰਸਾਉਂਦੀਆਂ ਹਨ। (1) *ਪਵਿੱਤਰਤਾ।* ਸੰਦੂਕ ਅਰਥਾਤ ਡੇਹਰੇ ਦਾ ਕੇਂਦਰ, ਅੱਤ ਪਵਿੱਤਰ ਅਸਥਾਨ ਵਿਚ ਸਥਿਤ ਸੀ, ਜਿੱਥੇ ਪਰਮੇਸ਼ੁਰ ਪਰਧਾਨ ਜਾਜਕ ਨਾਲ ਮਿਲਦਾ ਸੀ। ਉੱਥੋਂ ਬਾਹਰ, ਪਵਿੱਤਰਤਾ ਘੱਟ ਜਾਂਦੀ ਸੀ। ਸੰਦੂਕ ਦੇ ਨੇੜੇ ਜੋ ਸਮਾਨ ਅਤੇ ਥਾਂ ਸੀ ਉਹ ਬਹੁਤਾ ਪਵਿੱਤਰ ਸੀ, ਜਦ ਕਿ ਸੰਦੂਕ ਤੋਂ ਦੂਰ ਜੋ ਸਮਾਨ ਅਤੇ ਥਾਂ ਸੀ ਉਹ ਘੱਟ ਪਵਿੱਤਰ ਸੀ। (2) *ਮੁੱਲ।* ਪੂਰਾ ਡੇਹਰਾ ਬਹੁਮੁੱਲੀਆਂ ਅਤੇ ਕੀਮਤੀ ਚੀਜ਼ਾਂ ਨਾਲ ਬਣਾਇਆ ਗਿਆ ਸੀ। ਪਰ, ਸੰਦੂਕ ਜੋ ਕਿ ਡੇਹਰੇ ਦਾ ਪ੍ਰਮੁੱਖ ਅਤੇ ਸਭ ਤੋਂ ਪਵਿੱਤਰ ਰੂਪ ਸੀ, ਸਭ ਤੋਂ ਜ਼ਿਆਦਾ ਕੀਮਤੀ ਚੀਜ਼ ਅਰਥਾਤ ਸੋਨੇ ਨਾਲ ਬਣਾਇਆ ਗਿਆ ਸੀ। (3) *ਉਪਯੋਗਤਾ।* ਭਾਵੇਂ ਸੰਦੂਕ ਦਾ ਆਪਣੇ ਆਪ ਵਿਚ ਇਕ ਪ੍ਰਤੀਕਾਤਮਕ ਅਤੇ ਧਾਰਮਿਕ ਮਹੱਤਵ ਸੀ ਅਤੇ ਭਾਵੇਂ ਇਹ ਇਕ ਪ੍ਰਭਾਵਸ਼ਾਲੀ ਬਕਸਾ ਹੋਵੇਗਾ ਕਿਉਂਕਿ ਇਹ ਸੋਨੇ ਨਾਲ ਮੜ੍ਹਿਆ ਹੋਇਆ ਸੀ, ਇਸ ਦਾ ਇਕ ਉਪਯੋਗੀ ਉਦੇਸ਼ ਵੀ ਸੀ: ਇਸ ਦੇ ਵਿਚ ਬਿਵਸਥਾ ਦੀਆਂ ਪੱਟੀਆਂ ਰੱਖੀਆਂ ਗਈਆਂ ਸਨ।

(4) *ਸੁੰਦਰਤਾ।* ਉਸੇ ਤਰ੍ਹਾਂ ਸੰਦੂਕ ਦੇ ਲਈ ਹਦਾਇਤਾਂ ਵਿਚ ਸੁੰਦਰਤਾ ਦਾ ਸਿਧਾਂਤ ਵੇਖਿਆ ਗਿਆ ਹੈ। ਸੰਦੂਕ ਨੇ ਨਾ ਸਿਰਫ ਇਕ ਉਦੇਸ਼ ਨੂੰ ਪੂਰਾ ਕੀਤਾ ਸੀ, ਪਰ ਇਹ ਆਕਰਸ਼ਕ ਵੀ ਬਣਾਇਆ ਗਿਆ ਸੀ। ਪਰਮੇਸ਼ੁਰ ਜਿਸ ਨੇ ਸੁੰਦਰ ਸੰਸਾਰ ਨੂੰ ਰਚਿਆ ਸੀ ਉਸ ਨੇ ਆਪਣੀ ਬੰਦਗੀ ਕਰਨ ਦੇ ਲਈ ਇਕ ਸੁੰਦਰ ਥਾਂ ਨੂੰ ਬਣਾਉਣ ਦੇ ਲਈ ਆਪਣੇ ਲੋਕਾਂ ਵਾਸਤੇ ਇਕ ਯੋਜਨਾ ਵੀ ਬਣਾਈ ਸੀ।

## ਪਰਾਸਚਿਤ ਦਾ ਸਰਪੋਸ਼ (25:17-22)

**[17]ਤੂੰ ਪਰਾਸਚਿਤ ਦਾ ਸਰਪੋਸ਼ ਕੁੰਦਨ ਸੋਨੇ ਦਾ ਬਣਾਈਂ ਜਿਸ ਦੀ ਲੰਬਾਈ ਢਾਈ ਹੱਥ ਅਰ ਚੁੜਾਈ ਡੇਢ ਹੱਥ ਹੋਵੇ। [18]ਤੂੰ ਸੋਨੇ ਦੇ ਦੋ ਕਰੂਬੀ ਬਣਾਈਂ। ਤੂੰ ਉਨ੍ਹਾਂ ਨੂੰ ਘੜਕੇ ਪਰਸਾਚਿਤ ਦੇ ਸਰਪੋਸ਼ ਦੇ ਦੋਹਾਂ ਸਿਰਿਆਂ ਤੋਂ ਬਣਾਈਂ। [19]ਤੂੰ ਇੱਕ ਕਰੂਬੀ ਇੱਕ ਸਿਰੇ ਤੋਂ ਅਰ ਦੂਜਾ ਕਰੂਬੀ ਦੂਜੇ ਸਿਰੇ ਤੋਂ ਬਣਾਈਂ। ਪਰਾਸਚਿਤ ਦੇ ਸਰਪੋਸ਼ ਹੀ ਤੋਂ ਤੁਸੀਂ ਦੋਹਾਂ ਸਿਰਿਆਂ ਉੱਤੇ ਕਰੂਬੀਆਂ ਨੂੰ ਬਣਾਇਓ। [20]ਅਤੇ ਓਹ ਕਰੂਬੀ ਆਪਣੇ ਦੋਵੇਂ ਖੰਭ ਉਤਾਹਾਂ ਨੂੰ ਖਲਾਰੇ ਹੋਏ ਹੋਣ ਅਤੇ ਓਹ ਆਪਣੇ ਖੰਭਾਂ ਨਾਲ ਪਰਸਾਚਿਤ ਦੇ ਸਰਪੋਸ਼ ਨੂੰ ਢੱਕਦੇ ਹੋਣ ਅਰ ਉਨ੍ਹਾਂ ਦੇ ਮੂੰਹ ਆਹਮੋ ਸਾਹਮਣੇ ਹੋਣ ਕਰੂਬੀਆਂ ਦੇ ਮੂੰਹ ਪਰਸਾਚਿਤ ਦੇ ਸਰਪੋਸ਼ ਵੱਲ ਹੋਣ। [21]ਅਤੇ ਤੂੰ ਪਰਾਸਚਿਤ ਨੂੰ ਉਤਾਂਹ ਸੰਦੂਕ ਦੇ ਉੱਤੇ ਰੱਖੀਂ ਅਰ ਤੂੰ ਉਸ ਸਾਖੀ ਨੂੰ ਜਿਹੜੀ ਮੈਂ ਤੈਨੂੰ ਦਿਆਂਗਾ ਸੰਦੂਕ ਵਿੱਚ ਰੱਖੀਂ। [22]ਤਾਂ ਮੈਂ ਤੈਨੂੰ ਉੱਥੇ ਮਿਲਾਂਗਾ ਅਤੇ ਤੇਰੇ ਨਾਲ ਪਰਾਸਚਿਤ ਦੇ ਸਰਪੋਸ਼ ਦੇ ਉੱਤੋਂ ਦੋਹਾਂ ਕਰੂਬੀਆਂ ਦੇ ਵਿੱਚੋਂ ਦੀ ਜਿਹੜੇ ਸਾਖੀ ਦੇ ਸੰਦੂਕ ਦੇ ਉੱਤੇ ਹਨ ਮੈਂ ਓਹ ਗੱਲਾਂ ਕਰਾਂਗਾ ਜਿਨ੍ਹਾਂ ਦਾ ਤੈਨੂੰ ਇਸਰਾਏਲੀਆਂ ਲਈ ਹੁਕਮ ਦਿਆਂਗਾ।**

**ਆਇਤ 17.** ਨੇਮ ਦੇ ਸੰਦੂਕ ਦੇ ਉੱਤੇ, ਬਕਸੇ ਦੇ ਢੱਕਣ ਦੇ ਰੂਪ ਵਿਚ ਕੰਮ ਕਰਨ ਦੇ ਲਈ, **ਪਰਾਸਚਿਤ ਦਾ ਸਰਪੋਸ਼** ਸੀ। "ਪਰਾਸਚਿਤ ਦਾ ਸਰਪੋਸ਼" ਇਬਰਾਨੀ ਸ਼ਬਦ כַּפֹּרֶת *(ਕੱਪੋਰੇਥ)* ਦੇ ਇਕ ਅਨੁਵਾਦ ਦੀ ਬਜਾਇ ਇਕ ਵਿਆਖਿਆ ਹੈ, ਜਿਸ ਦਾ ਅਰਥ ਹੈ "ਢੱਕਣ।"[9] ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ ਦੋਹਰੇ ਅਰਥ ਨਾਲ ਵਰਤਿਆ ਗਿਆ ਹੈ: ਇਕ ਅਰਥ ਇਹ ਹੈ ਕਿ ਇਹ ਸਪੱਸ਼ਟ ਤੌਰ ਤੇ ਸੰਦੂਕ ਦੇ "ਢੱਕਣ" ਦਾ ਹਵਾਲਾ ਦਿੰਦਾ ਹੈ। ਦੂਜਾ ਅਰਥ ਇਹ ਹੈ ਕਿ ਇਹ ਉਸ ਤੱਥ ਦਾ ਹਵਾਲਾ ਦਿੰਦਾ ਹੈ ਕਿ ਇਸਰਾਏਲ ਦੇ ਪਾਪ "ਢੱਕੇ ਗਏ ਸਨ" ਜਾਂ ਉਨ੍ਹਾਂ ਦਾ ਨਿਸਤਾਰਾ ਹੋ ਗਿਆ ਸੀ, ਜਦੋਂ ਪਰਾਸਚਿਤ ਦੇ ਦਿਨ ਬਲੀਦਾਨ ਦਾ ਲਹੂ ਸੰਦੂਕ ਉੱਤੇ ਛਿੜਕਿਆ ਗਿਆ ਸੀ। ਉਸੇ ਸ਼ਬਦ ਦੇ ਰੂਪ ਦਾ ਅਨੁਵਾਦ ਲੇਵੀਆਂ 7:7 ਅਤੇ ਲੇਵੀਆਂ 23:27-32 ਵਿਚ "ਪ੍ਰਾਸਚਿਤ" ਕੀਤਾ ਗਿਆ ਹੈ ਜਿੱਥੇ "ਪ੍ਰਾਸਚਿਤ ਦੇ ਦਿਨ" ਦਾ ਵਰਣਨ ਕੀਤਾ ਗਿਆ ਹੈ। ਇਹ ਦਿਨ ਇਬਰਾਨੀ ਸ਼ਬਦ "ਯੋਮ ਕਿਪੁਰ" ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਸ ਦਾ ਅਰਥ ਹੈ "ਢੱਕਣ ਦਾ ਦਿਨ।" ਇਹ ਅੱਜ ਵੀ ਯਹੂਦੀ ਲੋਕਾਂ ਦੁਆਰਾ ਮਨਾਇਆ ਜਾਂਦਾ ਹੈ।

**ਆਇਤਾਂ 18-21.** ਜਿਵੇਂ ਕਿ ਉਸ ਥਾਂ ਦੇ ਲਈ ਉਚਿਤ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਨਾਲ ਮਿਲੇਗਾ ਅਤੇ ਗੱਲ ਕਰੇਗਾ, **ਕਰੂਬੀਆਂ** ਦੇ ਨਾਲ-ਨਾਲ "ਪਰਾਸਚਿਤ ਦਾ ਸਰਪੋਸ਼" ਜਾਂ "ਢੱਕਣ" ਕੁੰਦਨ **ਸੋਨੇ** ਦਾ ਬਣਾਇਆ ਜਾਣਾ ਸੀ। "ਕਰੂਬੀਆਂ" (כְּרֻבִים) "ਕਰੂਬੀ" (כְּרוּב) ਦਾ ਬਹੁਵਚਨ ਰੂਪ ਹੈ। ਬਾਈਬਲ ਵਿੱਚੋਂ ਕਰੂਬੀਆਂ ਬਾਰੇ ਬਹੁਤ ਘੱਟ ਜਾਣਿਆ ਜਾ ਸਕਦਾ ਹੈ। ਇਹ ਲਿਖਤ ਕਹਿੰਦੀ ਹੈ ਕਿ ਉਨ੍ਹਾਂ ਦੇ ਮੂੰਹ ਅਤੇ ਖੰਭ ਸਨ ਅਤੇ ਉਹ 45" ਅਤੇ 27" ਦੇ ਥਾਂ ਦੇ ਹਰ ਸਿਰੇ ਤੋਂ ਇਕ ਦੂਜੇ ਦੇ ਆਹਮੋ ਸਾਹਮਣੇ ਹੋਣ ਦੇ ਲਈ ਬਹੁਤ ਛੋਟੇ ਸਨ। ਕਿਉਂਕਿ ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਦੇ ਪਾਪ ਕਰਨ ਤੋਂ ਬਾਅਦ ਕਰੂਬੀਆਂ ਨੂੰ ਅਦਨ ਦੇ ਬਾਗ ਦੀ ਰਖਵਾਲੀ ਕਰਨ ਦਾ ਕੰਮ ਦਿੱਤਾ ਸੀ (ਉਤਪਤ 3:24), ਉਹ ਸੰਭਵ ਤੌਰ ਤੇ ਪਿਆਰੇ, ਦੂਤ ਨਹੀਂ ਸਨ ਜਿਵੇਂ

ਕਿ ਲੋਕ ਉਨ੍ਹਾਂ ਦੇ ਹੋਣ ਦੀ ਕਲਪਨਾ ਕਰਦੇ ਹਨ:

> ਕਰੂਬੀ ਨਵਯੁੱਗ ਕਲਾ ਦੇ ਖੰਭਾਂ ਵਾਲੇ ਕਾਮਦੇਵ ਨਹੀਂ ਸਨ ਪਰ ਪ੍ਰਾਚੀਨ ਮਸੋਪੋਤਾਮੀਆ ਅਤੇ ਸੀਰੀਆਈ-ਫਲਿਸਤੀਨੀ ਕਲਾ ਦੇ ਖੰਭਾਂ ਵਾਲੇ ਮਨੁੱਖੀ ਸਿਰ ਵਾਲੇ ਸ਼ੇਰ ਸਨ। ਕਰੂਬੀ ਹੱਥਿਆਂ ਦਾ ਕੰਮ ਕਰਦੇ ਸਨ ਜਾਂ ਪ੍ਰਾਚੀਨ ਮਸੋਪੋਤਾਮੀਆ ਵਿਚ ਉਹ ਸ਼ਾਹੀ ਸ਼ਿੰਘਾਸਣਾਂ ਦੇ ਪਾਸਿਆਂ ਨੂੰ ਸਜਾਉਂਦੇ ਸਨ। ... ਫਿਰ, ਸੰਦੂਕ ਇਸਰਾਏਲ ਦੇ ਅਦ੍ਰਿਸ਼ ਪਰਮੇਸ਼ੁਰ ਦੇ ਲਈ ਇਕ ਪ੍ਰਤੀਕਾਤਮਕ ਸਿੰਘਾਸਣ ਸੀ (1 ਸਮੂਏਲ 4:4), ਜਿਹੜਾ ਕਰੂਬੀਆਂ ਵਿਚਕਾਰ ਅਦਾਲਤ ਲਾਉਂਦਾ ਸੀ ਅਤੇ ਆਪਣੀ ਪਰਜਾ ਤੇ ਰਾਜ ਕਰਦਾ ਸੀ ਜਦੋਂ ਉਹ ਉੱਥੇ ਉਨ੍ਹਾਂ ਨਾਲ ਮਿਲਦਾ ਸੀ (ਕੂਚ 25:22)।[10]

ਕੋਲ ਨੇ ਆਖਿਆ ਕਿ ਉਹ "ਸੰਭਵ ਤੌਰ ਤੇ ਮਨੁੱਖੀ ਚਿਹਰਿਆਂ ਵਾਲੇ ਅਤੇ ਖੰਭਾਂ ਵਾਲੇ ਰਹੱਸਮਈ ਵਿਅਕਤੀ ਸਨ।"[11]

ਦਸ ਹੁਕਮਾਂ ਵਿੱਚੋਂ ਦੂਜਾ ਹੁਕਮ ਕਹਿੰਦਾ ਹੈ, "ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ, ਨਾ ਕਿਸੇ ਚੀਜ਼ ਦੀ ਸੂਰਤ ਜਿਹੜੀ ਉੱਪਰ ਅਕਾਸ਼ ਵਿੱਚ ਅਤੇ ਜਿਹੜੀ ਹੇਠਾਂ ਧਰਤੀ ਉੱਤੇ ਅਤੇ ਜਿਹੜੀ ਧਰਤੀ ਦੇ ਹੇਠਲੇ ਪਾਣੀਆਂ ਵਿੱਚ ਹੈ। ਨਾ ਤੂੰ ਉਨ੍ਹਾਂ ਦੇ ਅੱਗੇ ਮੱਥਾ ਟੇਕ, ਨਾ ਉਨ੍ਹਾਂ ਦੀ ਪੂਜਾ ਕਰ" (20:4, 5)। ਕਈਆਂ ਨੇ ਇਸ ਹੁਕਮ ਦੀ ਵਿਆਖਿਆ ਇਹ ਕੀਤੀ ਹੈ ਕਿ ਇਹ ਹੁਕਮ ਕਹਿੰਦਾ ਹੈ ਕਿ ਕਿਸੇ ਵੀ ਕਾਰਣ ਕਿਸੇ ਵੀ ਤਰ੍ਹਾਂ ਦੀ ਮੂਰਤ ਬਣਾਉਣਾ ਗਲਤ ਹੈ। ਇਹ ਤੱਥ ਕਿ ਪਰਮੇਸ਼ੁਰ ਨੇ ਕਰੂਬੀਆਂ ਨੂੰ ਪਰਾਸਚਿਤ ਦੇ ਸਰਪੋਸ਼ ਤੇ ਪਾਉਣ ਦੇ ਲਈ ਬਣਾਇਆ ਅਤੇ ਡੇਹਰੇ ਦੇ ਅੰਦਰਲੇ ਪੜਦੇ ਤੇ ਕਾਰੀਗਰੀ ਦਾ ਕੰਮ ਕੀਤਾ (36:35) ਇਹ ਵਿਖਾਉਂਦਾ ਹੈ ਕਿ ਇਹ ਹੁਕਮ ਪੂਜਾ ਕਰਨ ਦੇ ਉਦੇਸ਼ ਲਈ ਮੂਰਤ ਬਣਾਉਣ ਤੋਂ ਮਨ੍ਹਾ ਕਰਦਾ ਹੈ। ਕਰੂਬੀਆਂ ਨੂੰ ਪੂਜਾ ਕਰਨ ਦੇ ਲਈ ਨਹੀਂ ਸੀ ਬਣਾਇਆ ਗਿਆ; ਇਸ ਲਈ, ਹੁਕਮ ਨਹੀਂ ਸੀ ਤੋੜਿਆ ਗਿਆ।

**ਆਇਤ 22.** ਯਹੋਵਾਹ ਨੇ ਆਖਿਆ, **ਮੈਂ ਤੈਨੂੰ ਉੱਥੇ ਮਿਲਾਂਗਾ।** ਪਰਾਸਚਿਤ ਦਾ ਸਰਪੋਸ਼ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਨਾਲ ਮਿਲਦਾ ਸੀ। ਅੱਗੇ ਜਾ ਕੇ ਇਸਰਾਏਲ ਦੇ ਇਤਹਾਸ ਵਿਚ, ਲੋਕ ਸਮਝ ਗਏ ਕਿ ਸੈਨਾਂ ਦਾ ਯਹੋਵਾਹ "ਕਰੂਬੀਆਂ ਦੇ ਉੱਪਰ" ਬੈਠਾ ਸੀ (1 ਸਮੂਏਲ 4:4)। ਉੱਥੋਂ ਉਹ ਉਨ੍ਹਾਂ ਪਰਕਾਸ਼ਾਂ ਦੇ ਰਾਹੀਂ ਲੋਕਾਂ ਦੀ ਅਗਵਾਈ ਕਰਦਾ ਸੀ ਜੋ ਉਸ ਨੇ ਮੂਸਾ ਨੂੰ ਦਿੱਤੇ ਸਨ। ਸਾਲ ਵਿਚ ਇਕ ਵਾਰ, ਉਹ ਪ੍ਰਾਸਚਿਤ ਦੇ ਲਈ ਉਨ੍ਹਾਂ ਨਾਲ ਮਿਲਦਾ ਸੀ ਜਦੋਂ ਪਰਧਾਨ ਜਾਜਕ ਅੱਤ ਪਵਿੱਤਰ ਅਸਥਾਨ ਵਿਚ ਜਾ ਕੇ ਪਰਾਸਚਿਤ ਦੇ ਸਰਪੋਸ਼ ਉੱਤੇ ਲਹੂ ਛਿੜਕਦਾ ਸੀ (ਇਬਰਾਨੀਆਂ 9:5, 7)।

**ਸਾਖੀ** ਪਰਮੇਸ਼ੁਰ ਦੀ ਬਿਵਸਥਾ ਦੇ ਬਾਰੇ ਬੋਲਣ ਦਾ ਇਕ ਤਰੀਕਾ ਹੈ ਅਤੇ ਖਾਸਕਰ ਉਨ੍ਹਾਂ ਪੱਥਰ ਦੀਆਂ ਦੋ ਪੱਟੀਆਂ ਦੇ ਬਾਰੇ ਜਿਨ੍ਹਾਂ ਵਿਚ ਬਿਵਸਥਾ ਦਾ ਤੱਤ ਸੀ। ਉਮਬਰਟੋ ਕਸੁੱਟੋ ਨੇ ਆਖਿਆ ਸੀ ਕਿ ਇਹ ਪੱਟੀਆਂ ਉਹ "ਪੱਟੀਆਂ ਹੋਣਗੀਆਂ ਜਿਨ੍ਹਾਂ ਤੇ ਦਸ ਹੁਕਮ ਲਿਖੇ ਗਏ ਸਨ [34:28] ਅਤੇ ਜਿਨ੍ਹਾਂ ਨੂੰ *ਸਾਖੀ* ਕਿਹਾ ਜਾਂਦਾ ਹੈ ਕਿਉਂਕਿ ਉਹ ਉਸ ਨੇਮ ਦੀ ਸਾਖੀ ਦਿੰਦੀਆਂ ਹਨ ਜੋ ਯਹੋਵਾਹ ਅਤੇ ਇਸਰਾਏਲੀਆਂ ਵਿਚਕਾਰ ਬੰਨ੍ਹਿਆ ਗਿਆ ਸੀ।"[12] ਸ਼ਾਇਦ ਇਨ੍ਹਾਂ ਪੱਟੀਆਂ ਦੀ "ਸਾਖੀ" ਵਜੋਂ ਗੱਲ ਕਰਨ ਦਾ ਅਰਥ ਇਹ ਵੀ ਸੀ ਕਿ ਉੱਥੇ ਜੋ ਬਿਧੀਆਂ ਲਿਖੀਆਂ ਗਈਆਂ ਸਨ ਇਸਰਾਏਲ ਦੇ ਵਿਰੁੱਧ ਇਕ ਗਵਾਹੀ ਦੇ ਰੂਪ ਵਿਚ ਕੰਮ ਕਰਨਗੀਆਂ ਜੇਕਰ ਲੋਕਾਂ ਨੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂ ਬਿਵਸਥਾ ਨੂੰ ਤੋੜਿਆ।

ਪਰਮੇਸ਼ੁਰ ਨੇ ਆਖਿਆ ਕਿ ਉਹ **ਪਰਾਸਚਿਤ ਦੇ ਸਰਪੋਸ਼ ਦੇ ਉੱਤੋਂ ਦੋਹਾਂ ਕਰੂਬੀਆਂ ਦੇ ਵਿੱਚੋਂ** ਇਸਰਾਏਲ ਨਾਲ ਗੱਲ ਕਰੇਗਾ। ਪਰਤੱਖ ਰੂਪ ਵਿਚ, ਉਜਾੜ ਵਿਚ, ਮੂਸਾ ਨੂੰ ਡੇਹਰੇ ਦੇ ਅੰਦਰੋਂ ਪਰਮੇਸ਼ੁਰ ਦੀਆਂ ਹਦਾਇਤਾਂ ਮਿਲੀਆਂ ਸਨ। ਉਸ ਤੋਂ ਬਾਅਦ, ਪਰਮੇਸ਼ੁਰ ਦੇ ਨਿਯਮਤ ਰੂਪ ਵਿਚ

"ਦੋਹਾਂ ਕਰੂਬੀਆਂ ਦੇ ਵਿੱਚੋਂ" ਨਵੀਆਂ ਹਦਾਇਤਾਂ ਦੇਣ ਦਾ ਕੋਈ ਸਬੂਤ ਨਹੀਂ ਹੈ।

## ਹਜ਼ੂਰੀ ਦੀਆਂ ਰੋਟੀਆਂ ਰੱਖਣ ਵਾਲੀ ਮੇਜ਼ (25:23-30)

**[23]ਤੂੰ ਸ਼ਿੱਟੀਮ ਦੀ ਲੱਕੜੀ ਦੀ ਇੱਕ ਮੇਜ਼ ਬਣਾਈਂ। ਉਸ ਦੀ ਲੰਬਾਈ ਦੋ ਹੱਥ ਅਰ ਉਸ ਦੀ ਚੁੜਾਈ ਇੱਕ ਹੱਥ ਅਰ ਉਸ ਦੀ ਉਚਾਈ ਡੇਢ ਹੱਥ ਹੋਵੇ। [24]ਤੂੰ ਉਸ ਨੂੰ ਕੁੰਦਨ ਸੋਨੇ ਨਾਲ ਮੜ੍ਹੀਂ ਅਤੇ ਉਸ ਦੇ ਚੁਫੇਰੇ ਸੋਨੇ ਦੀ ਬਨੇਰੀ ਬਣਾਈਂ। [25]ਤੂੰ ਉਹ ਦੇ ਲਈ ਚੁਫੇਰੇ ਇੱਕ ਚੱਪਾ ਕਨਾਰੀ ਬਣਾਈਂ ਅਤੇ ਤੂੰ ਕਨਾਰੀ ਦੇ ਚੁਫੇਰੇ ਸੋਨੇ ਦੀ ਬਨੇਰੀ ਬਣਾਈਂ। [26]ਤੂੰ ਉਹ ਦੇ ਲਈ ਸੋਨੇ ਦੇ ਚਾਰ ਕੜੇ ਬਣਾਈਂ ਅਰ ਤੂੰ ਉਨ੍ਹਾਂ ਕੜਿਆਂ ਨੂੰ ਉਹ ਦੇ ਚੌਹਾਂ ਖੂੰਜਿਆਂ ਉੱਤੇ ਜਿਹੜੇ ਉਸ ਦੇ ਚੌਹਾਂ ਪਾਵਿਆਂ ਉੱਤੇ ਹਨ ਪਾਈਂ। [27]ਕਨਾਰੀ ਦੇ ਕੋਲ ਹੀ ਕੜੇ ਹੋਣ ਅਤੇ ਓਹ ਮੇਜ਼ ਦੇ ਚੁੱਕਣ ਨੂੰ ਚੋਬਾਂ ਦੇ ਲਈ ਥਾਂ ਹੋਣ। [28]ਤੂੰ ਓਹ ਚੋਬਾਂ ਸ਼ਿੱਟੀਮ ਦੀਆਂ ਲੱਕੜੀ ਦੀਆਂ ਬਣਾਈਂ। ਤੂੰ ਉਨ੍ਹਾਂ ਨੂੰ ਸੋਨੇ ਨਾਲ ਮੜ੍ਹੀਂ ਤਾਂ ਜੋ ਮੇਜ਼ ਉਨ੍ਹਾਂ ਨਾਲ ਚੁੱਕੀ ਜਾਵੇ। [29]ਨਾਲੇ ਤੂੰ ਉਸ ਦੀਆਂ ਥਾਲੀਆਂ ਚਮਚੇ ਉਸ ਦੇ ਗੜਵੇ ਅਰ ਡੋਹਲਣ ਦੇ ਕਟੋਰੇ ਬਣਾਈਂ ਓਹ ਕੁੰਦਨ ਸੋਨੇ ਦੇ ਬਣਾਈਂ। [30]ਤੂੰ ਮੇਜ਼ ਦੇ ਉੱਤੇ ਮੇਰੇ ਅੱਗੇ ਹਜ਼ੂਰੀ ਦੀਆਂ ਰੋਟੀਆਂ ਸਦਾ ਲਈ ਰੱਖਿਆ ਕਰੀਂ।**

ਬਾਕੀ ਦਾ 25 ਅਧਿਆਇ ਉਨ੍ਹਾਂ ਤਿੰਨ ਚੀਜ਼ਾਂ ਵਿੱਚੋਂ ਦੋ ਚੀਜ਼ਾਂ ਦਾ ਵਰਣਨ ਕਰਦਾ ਹੈ ਜਿਹੜੀਆਂ ਡੇਹਰੇ ਦੇ ਪਵਿੱਤਰ ਅਸਥਾਨ ਵਿਚ ਰੱਖੀਆਂ ਜਾਣੀਆਂ ਸਨ - ਹਜ਼ੂਰੀ ਦੀਆਂ ਰੋਟੀਆਂ ਅਤੇ ਸ਼ਮਾਦਾਨ। ਇਨ੍ਹਾਂ ਚੀਜ਼ਾਂ ਨੂੰ ਬਣਾਉਣ ਦੇ ਲਈ ਸੋਨੇ ਦੀ ਵਰਤੋਂ ਵੀ ਕੀਤੀ ਗਈ ਸੀ।

**ਆਇਤਾਂ 23, 24.** ਹਜ਼ੂਰੀ ਦੀਆਂ ਰੋਟੀਆਂ ਵਾਲੀ **ਮੇਜ਼** ਲਗਭਗ 36" ਲੰਬੀ, 18" ਚੌੜੀ ਅਤੇ 27" ਉੱਚੀ (ਲਗਭਗ 3' x 1½' x 2') ਸੀ। ਇਹ ਸ਼ਿੱਟੀਮ ਦੀ ਲੱਕੜੀ ਦੀ ਬਣਾਈ ਜਾਣੀ ਸੀ, ਉਹੀ ਲੱਕੜੀ ਜਿਹੜੀ ਨੇਮ ਦੇ ਸੰਦੂਕ ਨੂੰ ਬਣਾਉਣ ਦੇ ਲਈ ਵਰਤੀ ਗਈ ਸੀ। ਇਸ ਤੋਂ ਇਲਾਵਾ, ਇਸ ਨੂੰ **ਸੋਨੇ** ਨਾਲ ਮੜ੍ਹਿਆ ਜਾਣਾ ਸੀ, ਜਿਵੇਂ ਕਿ ਸੰਦੂਕ ਨੂੰ ਮੜ੍ਹਿਆ ਗਿਆ ਸੀ।

**ਆਇਤਾਂ 25-28.** ਸੰਦੂਕ ਦੀ ਤਰ੍ਹਾਂ, ਮੇਜ਼ ਵੀ ਬਣਾਇਆ ਜਾਣਾ ਸੀ ਤਾਂ ਕਿ ਇਸ ਨੂੰ **ਸੋਨੇ ਦੇ ਕੜਿਆਂ** ਅਤੇ **ਚੋਬਾਂ** ਨਾਲ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾ ਸਕਦਾ।

**ਆਇਤ 29.** ਭਾਂਡੇ (**ਥਾਲੀਆਂ, ਚਮਚੇ, ਗੜਵੇ** ਅਰ **ਕਟੋਰੇ**) ਜੋ ਮੇਜ਼ ਦੇ ਸੰਬੰਧ ਵਿਚ ਵਰਤੇ ਜਾਣੇ ਸਨ **ਕੁੰਦਨ ਸੋਨੇ** ਦੇ ਬਣਾਏ ਜਾਣੇ ਸਨ। ਇਹ ਭਾਂਡੇ, ਜਾਂ ਉਨ੍ਹਾਂ ਵਰਗੇ ਭਾਂਡੇ, ਬਾਅਦ ਵਿਚ ਨਬੂਕਦਨੱਸਰ ਅਤੇ ਬਾਬਲ ਦੇ ਲੋਕ ਯੁੱਧ ਦੀ ਲੁੱਟ ਦੇ ਮਾਲ ਦੇ ਰੂਪ ਵਿਚ ਕੇ ਲੈ ਗਏ ਸਨ (2 ਰਾਜਿਆਂ 25:13-17; ਅਜ਼ਰਾ 1:7-11)।

**ਆਇਤ 30.** ਮੇਜ਼ ਨਾ ਸਿਰਫ ਸੁੰਦਰ ਸੀ, ਪਰ ਇਹ ਉਪਯੋਗੀ ਵੀ ਸੀ: ਇਸ ਦੇ ਉੱਤੇ **ਹਜ਼ੂਰੀ ਦੀਆਂ ਰੋਟੀਆਂ** ਰੱਖੀਆਂ ਗਈਆਂ ਸਨ। ਇਹ ਬਾਰਾਂ ਰੋਟੀਆਂ ਸਨ ਜਿਹੜੀਆਂ ਸਦਾ ਮੇਜ਼ ਤੇ ਰੱਖੀਆਂ ਰਹਿੰਦੀਆਂ ਸਨ। ਹਰ ਸਬਤ ਤੇ ਪੁਰਾਣੀਆਂ ਰੋਟੀਆਂ ਨੂੰ ਨਵੀਆਂ ਰੋਟੀਆਂ ਦੇ ਨਾਲ ਬਦਲ ਦਿੱਤਾ ਜਾਂਦਾ ਸੀ ਅਤੇ ਸਿਰਫ ਜਾਜਕਾਂ ਨੂੰ ਪੁਰਾਣੀਆਂ ਰੋਟੀਆਂ ਖਾਣ ਦੀ ਇਜਾਜ਼ਤ ਸੀ (ਲੇਵੀਆਂ 24:5-9)। ਹਾਲਾਂਕਿ ਲਿਖਤ ਪ੍ਰਤੀਕਵਾਦ ਦੀ ਵਿਆਖਿਆ ਨਹੀਂ ਕਰਦੀ, ਪਰ ਸ਼ਾਇਦ ਇਹ ਰੋਟੀਆਂ ਇਸਰਾਏਲ ਦੇ ਬਾਰਾਂ ਗੋਤਾਂ ਨੂੰ ਦਰਸਾਉਂਦੀਆਂ ਸਨ। ਸ਼ਾਇਦ ਇਹ ਇਕ ਯਾਦਗੀਰੀ ਸੀ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਇੱਕੋ ਲੋਕਾਂ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ। ਮੇਜ਼ ਉੱਤੇ ਰੋਟੀ ਦੀ ਨਿਰੰਤਰ ਹਜ਼ੂਰੀ ਇਸ ਗੱਲ ਦੀ ਪ੍ਰਤੀਕ ਸੀ ਕਿ ਉਹ ਲੋਕ ਪਰਮੇਸ਼ੁਰ ਦੇ ਲੋਕ ਸਨ ਅਤੇ ਸਦਾ ਉਸ ਦੀ ਹਜ਼ੂਰੀ ਵਿਚ ਰਹਿੰਦੇ ਸਨ।

ਹਜ਼ੂਰੀ ਦੀਆਂ ਰੋਟੀਆਂ ਵਾਲੀ ਮੇਜ਼ ਅਤੇ ਸ਼ਮਾਦਾਨ ਰੋਮ ਵਿਚ ਟਾਈਟਸ ਆਫ਼ ਆਰਚ ਦੇ

ਅੰਦਰ ਹੋ ਦ੍ਰਿਸ਼ ਸੀ ਉਸ ਦਾ ਹਿੱਸਾ ਹਨ। ਇਹ ਸਮਾਰਕ, ਜੋ ਕਿ ਬਾਅਦ ਵਿਚ ਟਾਈਟਸ ਦੇ ਭਰਾ ਡੋਮਿਟੀਅਨ ਦੁਆਰਾ ਬਣਾਇਆ ਗਿਆ ਸੀ, 70 ਈਸਵੀ ਵਿਚ ਯਹੂਦੀਆਂ ਉੱਤੇ ਰੋਮੀਆਂ ਦੀ ਜਿੱਤ ਨੂੰ ਚੇਤੇ ਕਰਾਉਂਦਾ ਸੀ। ਮੇਜ਼ ਅਤੇ ਸ਼ਮਾਦਾਨ ਯਰੂਸ਼ਲਮ ਮੰਦਿਰ ਵਿੱਚੋਂ ਲੁੱਟ ਦੇ ਮਾਲ ਵਜੋਂ ਲੈ ਲਏ ਗਏ ਅਤੇ ਰੋਮ ਵਿਚ ਜਿੱਤ ਦੇ ਜਲੂਸ ਵਿਚ ਚੁੱਕ ਕੇ ਲਿਜਾਏ ਗਏ।



ਆਰਕ ਆਫ਼ ਟਾਈਟਸ (ਰੋਮ) ਉੱਤੇ ਬਣਿਆ ਸ਼ਮਾਦਾਨ ਅਤੇ ਮੇਜ਼ ਦਾ ਚਿੱਤਰ

## ਕੁੰਦਨ ਸੋਨੇ ਦਾ ਸ਼ਮਾਦਾਨ (25:31-40)

**31ਤੂੰ ਸ਼ਮਾਦਾਨ ਕੁੰਦਨ ਸੋਨੇ ਦਾ ਬਣਾਈਂ। ਉਹ ਸ਼ਮਾਦਾਨ ਘੜਕੇ ਬਣਾਇਆ ਜਾਵੇ। ਉਸ ਦਾ
ਪਾਏਦਾਨ ਅਤੇ ਉਸ ਦਾ ਡੰਡਾ ਉਸ ਦੇ ਕਟੋਰੇ ਉਸ ਦੇ ਗੋਲੇ ਅਰ ਉਸ ਦੇ ਫੁੱਲ ਉਸ ਦੇ ਵਿੱਚੋਂ ਹੀ
ਹੋਣ। 32ਛੇ ਟਹਿਣੀਆਂ ਉਸ ਦੇ ਦੋਹਾਂ ਪਾਸਿਆਂ ਤੋਂ ਨਿੱਕਲਣ। ਸ਼ਮਾਦਾਨ ਦੇ ਇੱਕ ਪਾਸਿਓਂ ਤਿੰਨ
ਟਹਿਣੀਆਂ ਅਤੇ ਸ਼ਮਾਦਾਨ ਦੇ ਦੂਜੇ ਪਾਸਿਓਂ ਤਿੰਨ ਟਹਿਣੀਆਂ। 33ਇੱਕ ਟਹਿਣੀ ਉੱਤੇ ਤਿੰਨ ਕਟੋਰੇ
ਬਦਾਮ ਦੇ ਫੁੱਲਾਂ ਵਰਗੇ ਅਤੇ ਇੱਕ ਗੋਲਾ ਅਰ ਇੱਕ ਫੁੱਲ ਅਰ ਦੂਜੀ ਟਹਿਣੀ ਉੱਤੇ ਤਿੰਨ ਕਟੋਰੇ
ਬਦਾਮ ਦੇ ਫੁੱਲਾਂ ਵਰਗੇ ਅਤੇ ਇੱਕ ਗੋਲਾ ਅਰ ਇੱਕ ਫੁੱਲ ਅਤੇ ਐਉਂ ਹੀ ਛੇਆਂ ਟਹਿਣੀਆਂ ਲਈ
ਜਿਹੜੀਆਂ ਸ਼ਮਾਦਾਨ ਤੋਂ ਨਿੱਕਲੀਆਂ ਹਨ ਹੋਵੇ। 34ਅਤੇ ਸ਼ਮਾਦਾਨ ਵਿੱਚ ਚਾਰ ਕਟੋਰੇ ਬਦਾਮ ਦੇ
ਫੁੱਲਾਂ ਵਰਗੇ ਅਤੇ ਉਹ ਦੇ ਗੋਲੇ ਅਰ ਉਹ ਦੇ ਫੁੱਲ। 35ਅਤੇ ਉਸੇ ਤੋਂ ਦੋਹਾਂ ਟਹਿਣੀਆਂ ਹੇਠ ਇੱਕ
ਗੋਲਾ ਅਰ ਫੇਰ ਉਸੇ ਤੋਂ ਦੋਹਾਂ ਟਹਿਣੀਆਂ ਹੇਠ ਇੱਕ ਗੋਲਾ ਅਰ ਫੇਰ ਉਸੇ ਤੋਂ ਦੋਹਾਂ ਟਹਿਣੀਆਂ
ਹੇਠ ਇੱਕ ਗੋਲਾ ਅਰ ਫੇਰ ਉਸੇ ਤੋਂ ਦੋਹਾਂ ਟਹਿਣੀਆਂ ਹੇਠ ਇੱਕ ਗੋਲਾ ਹੋਵੇ ਅਤੇ ਐਉਂ ਹੀ ਉਨ੍ਹਾਂ
ਛੇਆਂ ਟਹਿਣੀਆਂ ਲਈ ਜਿਹੜੀਆਂ ਸ਼ਮਾਦਾਨ ਤੋਂ ਨਿੱਕਲੀਆਂ ਹਨ ਹੋਵੇ। 36ਉਨ੍ਹਾਂ ਦੇ ਗੋਲੇ ਅਤੇ
ਉਨ੍ਹਾਂ ਦੀਆਂ ਟਹਿਣੀਆਂ ਉਸ ਤੋਂ ਹੋਣ ਅਰਥਾਤ ਏਹ ਸਾਰਾ ਘੜਿਆ ਹੋਇਆ ਕੁੰਦਨ ਸੋਨੇ ਦੇ ਇੱਕ
ਟੁਕੜੇ ਤੋਂ ਹੋਵੇ। 37ਤੂੰ ਉਸ ਦੇ ਸੱਤ ਦੀਵੇ ਬਣਾਈਂ ਅਰ ਜਦ ਉਹ ਦੇ ਦੀਵੇ ਬਾਲੇ ਜਾਣ ਤਾਂ ਓਹ
ਆਹਮੋ ਸਾਹਮਣੇ ਚਾਨਣ ਦੇਣ। 38ਉਸ ਦੇ ਗੁਲ ਤਰਾਸ਼ ਅਰ ਉਸ ਦੇ ਗੁਲਦਾਨ ਕੁੰਦਨ ਸੋਨੇ ਦੇ
ਹੋਣ। 39ਅਤੇ ਕੁੰਦਨ ਸੋਨੇ ਦੇ ਇੱਕ ਮਣ ਦੇ ਲਗ ਭਗ ਤੋਂ ਏਹ ਅਤੇ ਏਹ ਸਾਰੇ ਭਾਂਡੇ ਬਣਾਏ ਜਾਣ।
40ਸੋ ਵੇਖ ਤੂੰ ਉਨ੍ਹਾਂ ਨੂੰ ਉਸੇ ਨਮੂਨੇ ਦੇ ਬਣਾਈਂ ਜਿਹੜਾ ਤੈਨੂੰ ਪਹਾੜ ਉੱਤੇ ਵਿਖਾਇਆ ਗਿਆ ਸੀ।**

**ਆਇਤਾਂ 31, 32.** ਪਵਿੱਤਰ ਅਸਥਾਨ ਦੀ ਇਕ ਹੋਰ ਵਿਸ਼ੇਸ਼ਤਾ **ਸ਼ਮਾਦਾਨ** ਸੀ। ਕਰੂਬੀਆਂ

ਅਤੇ ਪਰਾਸਚਿਤ ਦੇ ਸਰਪੋਸ਼ ਦੇ ਵਾਂਗ, ਇਹ **ਕੁੰਦਨ ਸੋਨੇ** ਦਾ ਬਣਾਇਆ ਜਾਣਾ ਸੀ। ਇਸ ਦਾ ਇਕ **ਡੰਡਾ** ਸੀ ਜੋ **ਪਾਏਦਾਨ** ਵਿੱਚੋਂ ਨਿੱਕਲਦਾ ਸੀ, ਇਸ ਦੇ ਉੱਪਰ ਇਕ ਦੀਵਾ ਸੀ ਅਤੇ ਇਸ ਦੇ ਵਿੱਚੋਂ **ਛੇ ਟਹਿਣੀਆਂ** ਨਿੱਲਦੀਆਂ ਸਨ, ਹਰ ਇਕ ਦੇ ਵਿਚ ਇਕ-ਇਕ ਦੀਵਾ ਸੀ। ਜਿਸ ਨਾਲ ਸੱਤ ਦੀਵੇ ਬਣ ਜਾਣੇ ਸਨ (25:37)। ਸ਼ਮਾਦਾਨ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ מְנֹרָה *(ਮੀਨੋਰਾਹ)* ਹੈ। ਮੀਨੋਰਾਹ "ਸੱਤ ਟਹਿਣੀਆਂ ਵਾਲਾ ਸ਼ਮਾਦਾਨ" ਹੈ ਜਿਹੜਾ "ਯਹੂਦੀ ਧਰਮ ਦਾ ਇਕ ਵੱਡਾ ਪ੍ਰਤੀਕ ਬਣ ਚੁੱਕਾ ਹੈ।"[13]

**ਆਇਤਾਂ 33-36.** ਸ਼ਮਾਦਾਨ ਦੋਵੇਂ ਕੰਮ ਕਰਦਾ ਸੀ, ਇਹ ਚਾਨਣ ਦਿੰਦਾ ਅਤੇ ਵੇਖਣ ਵਿਚ ਸੋਹਣਾ ਸੀ। ਕਲਾਕਾਰੀ ਨਾਲ ਤਿਆਰ ਕੀਤਾ ਗਿਆ **ਬਦਾਮ ਦੇ ਫੁੱਲਾਂ** ਵਾਲਾ ਸ਼ਮਾਦਾਨ, ਉਦਾਹਰਣ ਦੇ ਲਈ, ਚਾਨਣ ਦੇਣ ਦੇ ਇਸ ਦੇ ਉਦੇਸ਼ ਲਈ ਜ਼ਰੂਰੀ ਨਹੀਂ ਸੀ। ਪਰਮੇਸ਼ੁਰ ਸਪੱਸ਼ਟ ਤੌਰ ਤੇ ਉਸ ਥਾਂ ਨੂੰ ਜਿੱਥੇ ਉਹ ਇਸਰਾਏਲ ਨਾਲ ਮਿਲਦਾ ਸੀ ਵੇਖਣ ਵਿਚ ਸੋਹਣੀ ਬਣਾਉਣਾ ਚਾਹੁੰਦਾ ਸੀ।

**ਆਇਤਾਂ 37-39. ਦੀਵੇ** ਸਿਰਫ ਡੇਹਰੇ ਦੇ ਅੰਦਰ-ਅੰਦਰ **ਚਾਨਣ** ਦਿੰਦੇ ਸਨ। ਪ੍ਰਤੀਕਾਤਮਕ ਰੂਪ ਵਿਚ, ਸ਼ਮਾਦਾਨ ਇਸ ਗੱਲ ਦੀ ਇਕ ਯਾਦਗੀਰੀ ਹੋਵੇਗਾ ਕਿ ਪਰਮੇਸ਼ੁਰ ਹੀ ਚਾਨਣ ਦਾ ਇਕਮਾਤਰ ਸ੍ਰੋਤ ਹੈ - ਉੱਪਰੋਂ ਆਉਣ ਵਾਲਾ ਚਾਨਣ ਜਿਸ ਦੀ ਇਸਰਾਏਲ ਨੂੰ ਜਿੰਦਾ ਰਹਿਣ ਦੇ ਲਈ ਲੋੜ ਸੀ।

**ਆਇਤ 40.** ਸ਼ਮਾਦਾਨ ਬਾਰੇ ਵਰਣਨ ਕਰਨ ਤੋਂ ਬਾਅਦ, ਪਰਮੇਸ਼ੁਰ ਨੇ ਫੇਰ ਲੋਕਾਂ ਨੂੰ ਚਿਤਾਵਨੀ ਦਿੱਤੀ: **ਵੇਖ ਤੂੰ ਉਨ੍ਹਾਂ ਨੂੰ ਉਸੇ ਨਮੂਨੇ ਦੇ ਬਣਾਈਂ ਜਿਹੜਾ ਤੈਨੂੰ ਪਹਾੜ ਉੱਤੇ ਵਿਖਾਇਆ ਗਿਆ ਸੀ।** ਡੇਹਰੇ ਨੂੰ ਬਣਾਉਣ ਦੇ ਲਈ ਅਧਿਆਇ 25 ਵਿਚ ਪਾਈਆਂ ਜਾਣ ਵਾਲੀਆਂ ਹਦਾਇਤਾਂ ਆਇਤਾਂ 9 ਅਤੇ 40 ਵਿਚ ਦੋ ਇੱਕੋ ਜਿਹੀਆਂ ਤਗੀਦਾਂ ਵਿਚਕਾਰ ਰੱਖੀਆਂ ਗਈਆਂ ਹਨ। "ਨਮੂਨੇ" ਬਾਰੇ ਗੱਲ ਕਰਦਿਆਂ, ਆਇਤ 9 ਕਹਿੰਦੀ ਹੈ "ਜਿਵੇਂ ਮੈਂ *ਤੈਨੂੰ ਸਭ ਕੁਝ ਵਿਖਾਉਂਦਾ ਹਾਂ*" ਅਤੇ ਆਇਤ 40 ਕਹਿੰਦੀ ਹੈ, "ਜਿਹੜਾ ਤੈਨੂੰ ਪਹਾੜ ਉੱਤੇ *ਵਿਖਾਇਆ ਗਿਆ ਸੀ*" (ਜ਼ੋਰ ਦਿੱਤਾ ਗਿਆ ਹੈ)। ਵਾਕ ਵਿਚ ਫ਼ਰਕ ਤੇ ਗੌਰ ਕਰੋ। ਸ਼ਾਇਦ ਆਇਤ 9 ਵਿਚ ਹਾਲੇ ਤੱਕ ਪਰਮੇਸ਼ੁਰ ਨੇ ਨਮੂਨਾ ਵਿਖਾਉਣਾ ਸ਼ੁਰੂ ਨਹੀਂ ਸੀ ਕੀਤਾ, ਪਰ ਉਸ ਸਮੇਂ ਤੱਕ ਉਹ ਨਮੂਨਾ ਵਿਖਾ ਚੁੱਕਾ ਸੀ - ਘੱਟੋ-ਘੱਟ ਉਨ੍ਹਾਂ ਚੀਜ਼ਾਂ ਦੇ ਲਈ ਜਿਨ੍ਹਾਂ ਬਾਰੇ ਚਰਚਾ ਕੀਤੀ ਗਈ ਸੀ - ਜਦੋਂ ਆਇਤ 40 ਵਿਚ ਉਸ ਨੇ ਮੂਸਾ ਨਾਲ ਗੱਲ ਕੀਤੀ ਸੀ।

ਕੋਲ ਨੇ ਸ਼ਮਾਦਾਨ ਦੇ ਮਹੱਤਵ ਸੰਬੰਧੀ ਹੇਠਾਂ ਦਿੱਤੀਆਂ ਗਈਆਂ ਸੰਭਾਵਨਾਵਾਂ ਦਾ ਸੁਝਾਅ ਦਿੱਤਾ ਸੀ:

> ਸਾਨੂੰ ਪ੍ਰਤੀਕਵਾਦ ਦਾ ਅਰਥ ਨਹੀਂ ਦੱਸਿਆ ਗਿਆ ਹੈ। ਕੁਝ ਲੋਕਾਂ ਨੂੰ ਲੱਗਦਾ ਹੈ ਕਿ ਸ਼ਮਾਦਾਨ ਪਰਾਈਆਂ ਕੌਮਾਂ ਦੇ ਲਈ ਚਾਨਣ ਦੇ ਰੂਪ ਵਿਚ ਇਸਰਾਏਲ ਦੇ ਕੰਮ ਨੂੰ ਦਰਸਾਉਂਦੇ ਸਨ (ਯਸਾਯਾਹ 60:3)। ਨਿਸ਼ਚਤ ਤੌਰ ਤੇ 'ਸੱਤ' ਹਮੇਸ਼ਾ ਸੰਪੂਰਨਤਾ ਦਾ ਪ੍ਰਤੀਕ ਰਿਹਾ ਹੈ: ਜਦ ਕਿ ਤੇਲ, ਘੱਟੋ-ਘੱਟ ਅੱਗੇ ਚੱਲ ਕੇ, ਪਰਮੇਸ਼ੁਰ ਦੇ ਆਤਮਾ ਦੀ ਇਕ ਤਸਵੀਰ ਬਣਦਾ ਹੈ (ਜ਼ਕਰਯਾਹ 4:1-6)। ਪ੍ਰਤੀਕਵਾਦ ਉਸ ਚਾਨਣ ਦਾ ਹੋ ਸਕਦਾ ਹੈ ਜਿਹੜਾ ਪਰਮੇਸ਼ੁਰ ਦੇ ਲੋਕਾਂ ਦੇ ਲਈ ਉਸ ਦੀ ਹਜ਼ੂਰੀ ਨੂੰ ਲੈ ਕੇ ਆਉਂਦਾ ਹੈ (ਗਿਣਤੀ 6:25), ਪੁਰਾਣੇ ਨੇਮ ਵਿਚ, ਉਸ ਚਾਨਣ ਨੂੰ ਚੇਤੇ ਕਰਨਾ ਜੀਵਨ ਅਤੇ ਜਿੱਤ ਦਾ ਇਕ ਪ੍ਰਤੀਕ ਵੀ ਹੈ (ਜ਼ਬੂਰ 27:1)।[14]

# ਪ੍ਰਾਸੰਗਿਕਤਾ

**ਡੇਹਰਾ: "ਆਉਣ ਵਾਲੀਆਂ ਚੰਗੀਆਂਵਸਤਾਂ ਦਾ ਪਰਛਾਵਾਂ" (25:1-9)**

ਕੂਚ ਦੀ ਪੁਸਤਕ ਦੇ ਆਖਰੀ ਸੋਲ੍ਹਾਂ ਅਧਿਆਵਾਂ ਵਿਚ ਡੇਹਰੇ ਦੇ ਬਣਾਉਣ ਦੀ ਕਹਾਣੀ ਪ੍ਰਬਲ ਹੈ। ਕਿਉਂ? ਕਿਉਂਕਿ ਡੇਹਰਾ ਪਰਮੇਸ਼ੁਰ ਦੀ ਹਜ਼ੂਰੀ ਦਾ ਪ੍ਰਤੀਕ ਸੀ। ਜਿਵੇਂ ਹੀ ਕੂਚ ਦੀ ਪੁਸਤਕ ਖਤਮ ਹੁੰਦੀ ਹੈ, ਡੇਹਰੇ ਦਾ ਕੰਮ ਅਤੇ ਇਸ ਨੂੰ ਸਥਾਪਤ ਕਰਨ ਦਾ ਕੰਮ ਸੰਪੂਰਨ ਹੋ ਗਿਆ। ਉਸ ਸਮੇਂ, "ਬੱਦਲ ਮੰਡਲੀ ਦੇ ਤੰਬੂ ਉੱਤੇ ਛਾ ਗਿਆ ਅਤੇ ਯਹੋਵਾਹ ਦੇ ਪਰਤਾਪ ਨੇ ਡੇਰੇ ਨੂੰ ਭਰ ਦਿੱਤਾ" (40:34)। ਇਸ ਲਈ ਕੂਚ ਦੀ ਪੁਸਤਕ ਉਸ ਬਾਰੇ ਹੈ ਕਿ ਕਿਵੇਂ ਪਰਮੇਸ਼ੁਰ ਦੇ ਲੋਕ ਜਿਹੜੇ ਮਿਸਰ ਵਿਚ ਗੁਲਾਮ ਸਨ ਪਰਮੇਸ਼ੁਰ ਦੀ ਉਹ ਪਰਜਾ ਬਣੇ ਜਿਨ੍ਹਾਂ ਦੇ ਵਿਚ ਪਰਮੇਸ਼ੁਰ ਜਾ ਕੇ ਵੱਸਿਆ।

ਡੇਹਰੇ ਦਾ ਬਣਾਇਆ ਜਾਣਾ ਇਸ ਦੇ ਆਪਣੇ ਸੰਦਰਭ ਵਿਚ ਬਹੁਤ ਹੀ ਮਹੱਤਵਪੂਰਣ ਹੈ, ਇਹ ਨਵੇਂ ਨੇਮ ਦੇ ਮਸੀਹੀ ਲੋਕਾਂ ਦੇ ਲਈ ਇਸ ਦੇ ਅਰਥ ਵਿਚ ਵੀ ਮਹੱਤਵਪੂਰਣ ਹੈ। ਮਸੀਹੀ ਲੋਕਾਂ ਦੇ ਲਈ ਡੇਹਰੇ ਦੀ ਮਹੱਤਤਾ ਖਾਸ ਕਰਕੇ ਇਬਰਾਨੀਆਂ ਦੇ ਲੇਖਕ ਦੁਆਰਾ ਦੱਸੀ ਗਈ ਹੈ ਜਦੋਂ ਉਸ ਨੇ ਆਖਿਆ ਕਿ ਸ਼ਰਾ "ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾਂ ਹੀ ਹੈ ਪਰ ਉਨ੍ਹਾਂ ਵਸਤਾਂ ਦਾ ਅਸਲੀ ਸਰੂਪ ਨਹੀਂ" (ਇਬਰਾਨੀਆਂ 10:1)। ਲੇਖਕ ਡੇਹਰੇ ਅਤੇ ਨਵੇਂ ਨੇਮ ਦੀ ਕਲੀਸੀਆ ਵਿਚਕਾਰ ਬਹੁਤ ਸਾਰੀਆਂ ਵਿਸ਼ੇਸ਼ ਸਮਾਨਤਾਵਾਂ ਦੇ ਬਾਰੇ ਦੱਸਦਾ ਹੈ ਅਤੇ ਉਸ ਦਾ ਅਰਥ ਹੈ ਕਿ ਹੋਰ ਵੀ ਸਮਾਨਤਾਵਾਂ ਬਣਾਈਆਂ ਜਾ ਸਕਦੀਆਂ ਹਨ (ਇਬਰਾਨੀਆਂ 9:1-5)। ਡੇਹਰੇ ਤੋਂ ਮਸੀਹੀ ਲੋਕ ਕਲੀਸੀਆ ਦੇ ਬਾਰੇ ਕੀ ਸਿੱਖ ਸਕਦੇ ਹਨ?

*ਡੇਹਰਾ ਕਿਸ ਤਰ੍ਹਾਂ ਦਾ ਸੀ - ਅਤੇ ਇਹ ਕਲੀਸੀਆ ਦਾ ਪਰਛਾਵਾਂ ਕਿਵੇਂ ਹੈ?* ਡੇਹਰਾ ਵਿਹੜੇ ਵਿਚ ਲੱਗਿਆ ਹੋਇਆ ਇਕ ਤੰਬੂ ਸੀ। ਤੰਬੂ ਦੇ ਅੰਦਰ ਦੋ ਭਾਗ ਸਨ, ਪਵਿੱਤਰ ਅਸਥਾਨ ਅਤੇ ਅੱਤ ਪਵਿੱਤਰ ਅਸਥਾਨ। ਪਵਿੱਤਰ ਅਸਥਾਨ ਦੇ ਅੰਦਰ ਤਿੰਨ ਚੀਜ਼ਾਂ ਸਨ: ਹਜ਼ੂਰੀ ਦੀਆਂ ਰੋਟੀਆਂ ਵਾਲੀ ਮੇਜ਼, ਧੂਪ ਦੀ ਜਗਵੇਦੀ ਅਤੇ ਸੋਨੇ ਦਾ ਸ਼ਮਾਦਾਨ। ਅੱਤ ਪਵਿੱਤਰ ਅਸਥਾਨ ਦੇ ਅੰਦਰ ਨੇਮ ਦਾ ਸੰਦੂਕ, ਬਕਸਾ ਸੀ। ਇਸ ਸੰਦੂਕ ਦੇ ਢੱਕਣ ਨੂੰ ਪਰਾਸਚਿਤ ਦਾ ਸਰਪੋਸ਼ ਕਿਹਾ ਜਾਂਦਾ ਸੀ। ਪਰਾਸਚਿਤ ਦੇ ਸਰਪੋਸ਼ ਦੇ ਦੋਹਾਂ ਸਿਰਿਆਂ ਤੇ ਦੋ ਕਰੂਬੀ ਸਨ ਜਿਨ੍ਹਾਂ ਨੇ ਖੰਭ ਇਸ ਨੂੰ ਢੱਕ ਕੇ ਰੱਖਦੇ ਸਨ। ਵਿਹੜੇ ਵਿਚ ਹੋਮ ਦੀ ਬਲੀ ਦੀ ਜਗਵੇਦੀ ਅਤੇ ਹੌਦ ਸੀ ਜਿੱਥੇ ਜਾਜਕ ਪਵਿੱਤਰ ਅਸਥਾਨ ਵਿਚ ਜਾਣ ਤੋਂ ਪਹਿਲਾਂ ਆਪਣੇ ਪੈਰ ਧੋਂਦੇ ਸਨ।

ਇਨ੍ਹਾਂ ਚੀਜ਼ਾਂ ਨੂੰ ਬੰਦਗੀ ਅਤੇ ਬਲੀਦਾਨ ਵਿਚ ਕਿਵੇਂ ਇਸਤੇਮਾਲ ਕੀਤਾ ਗਿਆ ਸੀ? ਵਿਹੜੇ ਵਿਚ ਕੋਈ ਵੀ ਇਸਰਾਏਲੀ ਬਲੀ ਚੜ੍ਹਾਉਣ ਦੇ ਲਈ ਆਪਣੇ ਬਲੀਦਾਨਾਂ ਨੂੰ ਲੈ ਕੇ ਆ ਸਕਦਾ ਸੀ। ਹੋਮ ਦੀ ਬਲੀ ਦੀ ਜਗਵੇਦੀ ਨੂੰ ਉਨ੍ਹਾਂ ਬਹੁਤ ਸਾਰੇ ਬਲੀਦਾਨਾਂ ਨੂੰ ਚੜ੍ਹਾਉਣ ਦੇ ਲਈ ਰੋਜ਼ਾਨਾ ਵਰਤਿਆ ਜਾਂਦਾ ਸੀ ਜਿਨ੍ਹਾਂ ਦੀ ਸ਼ਰਾ ਮੰਗ ਕਰਦੀ ਸੀ। ਹੌਦ ਦੇ ਵਿਚ ਪਾਣੀ ਹੁੰਦਾ ਸੀ ਜਿਸ ਦੇ ਵਿਚ ਰੋਜ਼ਾਨਾ ਜਾਜਕ ਪਵਿੱਤਰ ਅਸਥਾਨ ਵਿਚ ਸੇਵਾ ਕਰਨ ਦੇ ਲਈ ਜਾਣ ਤੋਂ ਪਹਿਲਾਂ ਆਪਣੇ ਪੈਰ ਧੋਂਦੇ ਸਨ। ਸਿਰਫ ਪਰਧਾਨ ਜਾਜਕ ਹੀ ਅੱਤ ਪਵਿੱਤਰ ਅਸਥਾਨ ਵਿਚ ਜਾ ਸਕਦਾ ਸੀ ਅਤੇ ਉਹ ਸਾਲ ਵਿਚ ਸਿਰਫ ਇਕ ਵਾਰ, ਪ੍ਰਾਸਚਿਤ ਦੇ ਦਿਨ, ਆਪਣੇ ਲਈ ਅਤੇ ਇਸਰਾਏਲ ਦੇ ਲੋਕਾਂ ਦੇ ਲਈ ਪ੍ਰਾਸਚਿਤ ਕਰਨ ਵਾਸਤੇ ਉੱਥੇ ਜਾਂਦਾ ਸੀ।

ਡੇਹਰਾ ਨਵੇਂ ਨੇਮ ਦੇ ਯੁੱਗ ਨੂੰ ਕਿਵੇਂ ਦਰਸਾਉਂਦਾ ਹੈ? ਸਾਨੂੰ ਥੋੜ੍ਹਾ ਸਾਵਧਾਨ ਰਹਿਣ ਦੀ ਲੋੜ ਹੈ ਜਦੋਂ ਅਸੀਂ ਪੁਰਾਣੇ ਨੇਮ ਦੇ ਵਚਨਾਂ ਨੂੰ ਅਸਲੀਅਤ ਦੇ ਉਨ੍ਹਾਂ ਪਰਛਾਵਿਆਂ ਦੇ ਤੌਰ ਤੇ ਲਾਗੂ ਕਰਦੇ ਹਾਂ ਜੋ ਸਾਨੂੰ ਕਲੀਸੀਆ ਵਿਚ ਮਿਲਦੇ ਹਨ। ਅਸੀਂ ਬਾਈਬਲ ਅਧਿਐਨ ਦੇ ਇਸ ਤਰੀਕੇ

ਦੀ ਦੁਰਵਰਤੋਂ ਕਰ ਸਕਦੇ ਹਾਂ ਅਤੇ ਬਾਈਬਲ ਦੇ ਅਰਥ ਨੂੰ ਉਸ ਅਰਥ ਵਿਚ ਲੈ ਸਕਦੇ ਹਾਂ ਜੋ ਉਹ ਅਸਲ ਵਿਚ ਨਹੀਂ ਹੁੰਦਾ ਹੈ। ਅਸੀਂ ਇਸ ਤਰੀਕੇ ਨੂੰ ਸੁਰੱਖਿਅਤ ਕਿਵੇਂ ਇਸਤੇਮਾਲ ਕਰ ਸਕਦੇ ਹਾਂ? ਅਸੀਂ ਉਸ ਅਸਲੀਅਤ ਦੇ ਬਾਰੇ ਨਿਸ਼ਚਤ ਹੋ ਸਕਦੇ ਹਾਂ ਜੋ ਪਰਛਾਵਾਂ ਦਰਸਾਉਂਦਾ ਹੈ ਜੇਕਰ ਅਸੀਂ ਇਹ ਯਾਦ ਰੱਖਾਂਗੇ ਕਿ ਨਿਸ਼ਚਤਤਾ ਦੇ ਨਾਲ ਅਸੀਂ ਸਿਰਫ ਉਹੀ ਗੱਲ ਕਹਿ ਸਕਦੇ ਹਾਂ ਜੋ ਬਾਈਬਲ ਕਹਿੰਦੀ ਹੈ।

ਡੇਹਰੇ ਵਿਚ ਬਹੁਤ ਸਾਰੀਆਂ ਚੀਜ਼ਾਂ ਨਵੇਂ ਨੇਮ ਦੇ ਯੁੱਗ ਵਿਚ ਪਾਈਆਂ ਜਾਣ ਵਾਲੀਆਂ ਚੀਜ਼ਾਂ ਦੀ ਤਰ੍ਹਾਂ ਪ੍ਰਤੀਤ ਹੁੰਦੀਆਂ ਹਨ: ਹਜ਼ੂਰੀ ਦੀਆਂ ਰੋਟੀਆਂ ਵਾਲੀ ਮੇਜ਼ ਪ੍ਰਭੂ ਭੋਜ ਦੀ ਤਰ੍ਹਾਂ ਹੈ; ਸ਼ਮਾਦਾਨ ਪਰਮੇਸ਼ੁਰ ਦੇ ਵਚਨ ਦੀ ਤਰ੍ਹਾਂ ਹੈ; ਧੂਪ ਦੀ ਜਗਵੇਦੀ ਪ੍ਰਾਰਥਨਾ ਦੀ ਤਰ੍ਹਾਂ ਹੈ; ਹੌਦ ਵਿਚ ਧੋਣਾ ਬਪਤਿਸਮੇ ਦੀ ਤਰ੍ਹਾਂ ਹੈ; ਪਵਿੱਤਰ ਅਸਥਾਨ ਕਲੀਸੀਆ ਦੀ ਤਰ੍ਹਾਂ ਹੈ ਅਤੇ ਅੱਤ ਪਵਿੱਤਰ ਅਸਥਾਨ ਸੁਰਗ ਦੀ ਤਰ੍ਹਾਂ ਹੈ। ਸਾਨੂੰ ਇਨ੍ਹਾਂ ਤੁਲਨਾਵਾਂ ਦੇ ਬਾਰੇ ਕੱਟੜ ਬਣਨ ਤੋਂ ਬਚਣਾ ਚਾਹੀਦਾ ਹੈ ਜੇਕਰ ਉਹ ਸਪੱਸ਼ਟ ਤੌਰ ਤੇ ਵਚਨ ਵਿਚ ਨਹੀਂ ਦੱਸੀਆਂ ਗਈਆਂ ਹਨ।

ਪਰ, ਡੇਹਰੇ ਬਾਰੇ ਕੁਝ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਦੀ ਤੁਲਨਾ ਨਵਾਂ ਨੇਮ ਸਪੱਸ਼ਟ ਰੂਪ ਵਿਚ ਮਸੀਹੀ ਯੁੱਗ ਨਾਲ ਕਰਦਾ ਹੈ। ਇਬਰਾਨੀਆਂ ਦੀ ਪੁਸਤਕ ਯਿਸੂ ਮਸੀਹ ਦੀ ਤੁਲਨਾ ਪੁਰਾਣੇ ਨੇਮ ਦੇ ਯੁੱਗ ਦੇ ਪਰਧਾਨ ਜਾਜਕ ਨਾਲ ਕਰਦੀ ਹੈ ਅਤੇ ਖੁਦ ਯਿਸੂ ਮਸੀਹ ਦੇ ਬਲੀਦਾਨ ਦੀ ਤੁਲਨਾ ਉਨ੍ਹਾਂ ਬਲੀਦਾਨਾਂ ਨਾਲ ਕਰਦੀ ਹੈ ਜੋ ਪੁਰਾਣੇ ਨੇਮ ਅਧੀਨ ਚੜ੍ਹਾਏ ਗਏ ਸਨ। ਇਸ ਤੋਂ ਇਲਾਵਾ, ਨਵਾਂ ਨੇਮ ਸਾਨੂੰ ਇਹ ਸਿੱਖਿਆ ਦਿੰਦਾ ਹੈ ਕਿ ਅਸੀਂ ਮਸੀਹੀ ਹੋਣ ਦੇ ਨਾਤੇ ਸਭ ਦੇ ਸਭ ਜਾਜਕ ਹਾਂ ਜਿਹੜੇ ਪਰਮੇਸ਼ੁਰ ਅੱਗੇ ਬਲੀਦਾਨ ਚੜ੍ਹਾਉਂਦੇ ਹਨ (ਰੋਮੀਆਂ 12:1, 2)। ਅਸੀਂ ਡੇਹਰੇ ਦੀ ਤੁਲਨਾ ਕਲੀਸੀਆ ਨਾਲ ਕਰਨ ਵਿਚ ਵੀ ਸਹੀ ਠਹਿਰਦੇ ਹਾਂ ਕਿਉਂਕਿ ਡੇਹਰਾ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਨਾਲ ਮਿਲਦਾ ਸੀ; ਇਹ ਪਰਮੇਸ਼ੁਰ ਦੀ ਹਜ਼ੂਰੀ ਦਾ ਪ੍ਰਤੀਕ ਸੀ ਅਤੇ ਉਹ ਇਸਰਾਏਲ ਦੇ ਵਿਚਕਾਰ ਸੀ। ਉਸੇ ਤਰ੍ਹਾਂ, ਨਵਾਂ ਨੇਮ ਹੈਕਲ ਤੋਂ ਰੂਪ ਨੂੰ ਲੈਂਦਾ ਹੋਇਆ (ਜਿਹੜਾ ਇਸ ਸੰਬੰਧ ਵਿਚ ਡੇਹਰੇ ਵਰਗਾ ਸੀ) ਇਹ ਦੱਸਦਾ ਹੈ ਕਿ ਕਲੀਸੀਆ ਪਰਮੇਸ਼ੁਰ ਦਾ ਨਿਵਾਸ ਸਥਾਨ ਹੈ। ਇਸ ਲਈ, ਪਰਮੇਸ਼ੁਰ ਸਾਡੇ ਵਿਚ ਵੱਸਦਾ ਹੈ!

*ਡੇਹਰਾ ਕਿਵੇਂ ਬਣਾਇਆ ਗਿਆ ਸੀ - ਅਤੇ ਇਸ ਦੀ ਬਣਤ ਅੱਜ ਦੀ ਕਲੀਸੀਆ ਨਾਲ ਕਿਵੇਂ ਸੰਬੰਧ ਰੱਖ ਸਕਦੀ ਹੈ?* ਸਭ ਤੋਂ ਪਹਿਲੀ ਗੱਲ, ਇਹ ਪਰਮੇਸ਼ੁਰ ਦੀ ਯੋਜਨਾ ਅਨੁਸਾਰ ਬਣਾਇਆ ਗਿਆ ਸੀ (25:9; 40:16)। ਦੂਜੀ ਗੱਲ, ਇਹ ਚੰਗੇ ਆਗੂ ਦੇ ਰਾਹੀਂ ਬਣਾਇਆ ਗਿਆ ਸੀ। ਮੂਸਾ ਨੇ ਇਹ ਨਿਸ਼ਚਤ ਕਰਨ ਦੇ ਲਈ ਕਿ ਪਰਮੇਸ਼ੁਰ ਦੀਆਂ ਹਦਾਇਤਾਂ ਦੀ ਚੰਗੀ ਤਰ੍ਹਾਂ ਪਾਲਣਾ ਕੀਤਾ ਜਾਵੇ ਇਸ ਨੂੰ ਬਣਾਉਣ ਵਿਚ ਖੁਦ ਅਗਵਾਈ ਕੀਤੀ ਸੀ। ਪਰਮੇਸ਼ੁਰ ਨੇ ਉਹ ਮਨੁੱਖ ਦਿੱਤੇ ਜਿਨ੍ਹਾਂ ਨੇ ਡੇਹਰੇ ਦੀ ਅਸਲੀ ਰਚਨਾ ਵਿਚ ਅਗਵਾਈ ਕੀਤੀ ਸੀ (31:1-6; 35:10, 30-35)। ਤੀਜੀ ਗੱਲ, ਇਹ ਸਾਰੀ ਮੰਡਲੀ ਦੀ ਸਹਾਇਤਾ ਅਤੇ ਖੁੱਲ੍ਹੇ ਦਿਲ ਨਾਲ ਦਿੱਤੀਆਂ ਗਈਆਂ ਭੇਟਾਂ ਦੇ ਨਾਲ ਬਣਾਇਆ ਗਿਆ ਸੀ (35:4-9, 21, 22, 29; 36:1-7)। ਮੰਡਲੀ ਨੂੰ ਜ਼ਿਆਦਾ ਦੇਣ ਦੇ ਲਈ ਕਹਿਣ ਦੀ ਬਜਾਇ, ਜਿਵੇਂ ਅੱਜ ਕੱਲ੍ਹ ਦੇ ਸਮੇਂ ਵਿਚ ਅਕਸਰ ਹੁੰਦਾ ਹੈ, ਖੁਦ ਆਗੂਆਂ ਨੂੰ ਲੋਕਾਂ ਨੂੰ ਭੇਟਾਂ ਦੇਣ ਤੋਂ ਰੋਕਣਾ ਪਿਆ ਸੀ! ਉਹ ਬਹੁਤ ਜ਼ਿਆਦਾ ਦੇ ਰਹੇ ਸਨ। ਇਹ ਸਭ ਗੱਲਾਂ ਕਲੀਸੀਆ ਨਾਲ ਸੰਬੰਧਤ ਉਦਾਹਰਣਾਂ ਦੇ ਰੂਪ ਵਿਚ ਕੰਮ ਕਰ ਸਕਦੀਆਂ ਹਨ।

*ਸਿੱਟਾ।* ਸਾਨੂੰ ਸਾਡੇ ਪਰਧਾਨ ਜਾਜਕ ਯਿਸੂ ਦੇ ਲਈ, ਯਿਸੂ ਦੇ ਬਲੀਦਾਨ ਦੇ ਲਈ ਅਤੇ ਜਾਜਕਾਂ ਦੇ ਤੌਰ ਤੇ ਸਾਨੂੰ ਉਸ ਦੇ ਕੋਲ ਜਾਣ ਦਾ ਮੌਕਾ ਦੇਣ ਦੇ ਲਈ ਪਰਮੇਸ਼ੁਰ ਨੂੰ ਧੰਨਵਾਦ ਦੇਣ ਦੀ ਲੋੜ ਹੈ। ਸਾਨੂੰ ਖੁਸ਼ੀ-ਖੁਸ਼ੀ ਸਾਡੇ ਬਲੀਦਾਨ ਪਰਮੇਸ਼ੁਰ ਅੱਗੇ ਚੜ੍ਹਾਉਣ ਦੀ ਲੋੜ ਹੈ। ਮਸੀਹ ਦੀ ਕਲੀਸੀਆ ਨੂੰ ਉਸਾਰਨ ਦੇ ਲਈ, ਸਾਨੂੰ ਲੋੜ ਹੈ (1) ਪਰਮੇਸ਼ੁਰ ਦੀਆਂ ਹਦਾਇਤਾਂ ਦਾ ਪਾਲਣ

ਕਰਨ ਦੀ, (2) ਚੰਗੇ ਆਗੂਆਂ ਨੂੰ ਇਸਤੇਮਾਲ ਕਰਨ ਦੀ ਅਤੇ (3) ਖੁੱਲ੍ਹੇ ਦਿਲ ਨਾਲ ਉਨ੍ਹਾਂ ਚੀਜ਼ਾਂ ਵਿੱਚੋਂ ਦੇਣ ਦੀ ਜਿਨ੍ਹਾਂ ਨਾਲ ਪਰਮੇਸ਼ੁਰ ਨੇ ਸਾਨੂੰ ਬਰਕਤ ਦਿੱਤੀ ਹੈ।

### ਪਰਮੇਸ਼ੁਰ ਦਾ ਨਿਵਾਸ (25:8)

ਡੇਹਰਾ ਉਹ ਥਾਂ ਬਣਨੀ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਵਿਚ ਵੱਸਦਾ ਸੀ। ਅੱਜ ਪਰਮੇਸ਼ੁਰ ਕਲੀਸੀਆ ਵਿਚ ਵੱਸਦਾ ਹੈ (1 ਕੁਰਿੰਥੀਆਂ 3:16; ਅਫ਼ਸੀਆਂ 2:21, 22)। ਉਹ ਹਰੇਕ ਮਸੀਹੀ ਵਿਅਕਤੀ (ਵਿਸ਼ਵਾਸੀ) ਵਿਚ ਵੀ ਵੱਸਦਾ ਹੈ (ਰੋਮੀਆਂ 8:9; 1 ਕੁਰਿੰਥੀਆਂ 6:15-20; ਗਲਾਤੀਆਂ 4:6)। ਇਸ ਲਈ, ਸਾਨੂੰ ਆਪਣੀਆਂ ਦੇਹੀਆਂ ਨੂੰ ਸ਼ੁੱਧ ਰੱਖਦੇ ਹੋਏ (1 ਕੁਰਿੰਥੀਆਂ 16:19, 20) ਪ੍ਰਭੂ ਦੇ ਅੱਗੇ ਅਰਪਣ ਕਰਨ ਦੀ ਲੋੜ ਹੈ (ਰੋਮੀਆਂ 12:1, 2)।

### "ਚੱਲਦੇ ਜਾਣਾ" (25:12-15, 26-28)

ਇਕ ਪੁਰਾਣਾ ਗੀਤ ਆਖਦਾ ਹੈ, "ਮੈਨੂੰ ਲੱਗਦਾ ਹੈ ਕਿ ਮੈਂ ਚੱਲਦਾ ਜਾਵਾਂ।" ਡੇਹਰਾ ਸਫ਼ਰ ਦੇ ਲਈ ਬਣਾਇਆ ਗਿਆ ਸੀ; ਇਸ ਦੇ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਏ ਜਾਣ ਦਾ ਸਬੂਤ ਉਨ੍ਹਾਂ ਕੜਿਆਂ ਅਤੇ ਚੋਬਾਂ ਤੋਂ ਮਿਲਦਾ ਹੈ ਜੋ ਸੰਦੂਕ, ਹਜ਼ੂਰੀ ਦੀਆਂ ਰੋਟੀਆਂ ਦੀ ਮੇਜ਼ ਅਤੇ ਜਗਵੇਦੀ ਨਾਲ ਲੱਗੇ ਹੋਏ ਸਨ। ਇਸਰਾਏਲੀ ਲੋਕ ਦੇਸ ਵਿਚ ਪਰਦੇਸੀਆਂ ਵਾਂਗ ਚਾਲੀ ਸਾਲ ਉਜਾੜ ਵਿਚ ਘੁੰਮਦੇ ਰਹੇ, ਉਹ ਕਦੇ ਇਕ ਥਾਂ ਤੇ ਨਹੀਂ ਟਿਕੇ। ਉਸੇ ਤਰ੍ਹਾਂ, ਅੱਜ ਮਸੀਹੀ ਲੋਕ ਇਸ ਸੰਸਾਰ ਵਿਚ "ਪਰਦੇਸੀ ਅਤੇ ਮੁਸਾਫ਼ਰ" ਹਨ (1 ਪਤਰਸ 2:11)। ਸਾਨੂੰ ਇਹ ਨਿਸ਼ਚਤ ਕਰਨ ਦੀ ਲੋੜ ਹੈ ਕਿ ਅਸੀਂ ਕਿਤੇ ਨਾ "ਟਿਕੀਏ" ਅਤੇ ਇਸ ਸੰਸਾਰ ਨੂੰ ਸਾਡਾ ਪੱਕਾ ਘਰ ਨਾ ਸਮਝੀਏ। ਆਓ ਅਸੀਂ ਨਿਹਚਾ ਦੇ ਸਾਡੇ ਗੀਤਾਂ ਤੇ ਖਰੇ ਉੱਤਰੀਏ, ਜੋ ਇਹ ਆਖਦੇ ਹਨ, "ਮੈਂ ਇੱਥੇ ਪਰਦੇਸੀ ਹਾਂ, ਇਕ ਪਰਦੇਸ਼ ਵਿਚ, ਮੇਰਾ ਘਰ ਦੂਰ ਸੁਨਿਹਰੀ ਕਿਨਾਰੇ ਤੇ ਹੈ।"[15]

### ਪਰਮੇਸ਼ੁਰ ਨਾਲ ਮਿਲੋ - ਕਿੱਥੇ? (25:22)

ਯਹੋਵਾਹ ਨੇ ਆਖਿਆ ਸੀ ਕਿ ਉਹ ਡੇਹਰੇ ਵਿਚ ਪਰਾਸਚਿਤ ਦੇ ਸਰਪੋਸ਼ ਤੇ ਇਸਰਾਏਲੀਆਂ ਨਾਲ ਮਿਲੇਗਾ (25:22) ਅਤੇ ਉੱਥੇ ਉਹ ਉਨ੍ਹਾਂ ਦੇ ਵਿਚਕਾਰ ਵੱਸੇਗਾ (29:43, 45)। ਅੱਜ ਮਸੀਹੀ ਲੋਕ ਪ੍ਰਭੂ ਨਾਲ ਕਿੱਥੇ ਮਿਲ ਸਕਦੇ ਹਨ? ਅਸੀਂ ਕਲੀਸੀਆ ਵਿਚ ਉਸ ਦੇ ਨਾਲ ਮਿਲਦੇ ਹਾਂ। ਇਹ ਉਸ ਦੀ ਕਲੀਸੀਆ ਹੈ; ਉਹ ਹਮੇਸ਼ਾ ਉੱਥੇ ਮੌਜੂਦ ਹੁੰਦਾ ਹੈ। ਉਸ ਦੇ ਵਿਚ ਹੋਣ ਦੇ ਲਈ, ਸਾਨੂੰ ਕਲੀਸੀਆ ਵਿਚ ਹੋਣ ਦੀ ਲੋੜ ਹੈ। ਅਸੀਂ ਸਭਾ ਵਿਚ ਵੀ ਉਸ ਦੇ ਨਾਲ ਮਿਲਦੇ ਹਾਂ (ਮੱਤੀ 18:20)। ਪਰ, ਅਸੀਂ ਉਸ ਦੇ ਨਾਲ ਕਿਸੇ ਵੀ ਵੇਲੇ ਜਾਂ ਕਿਸੇ ਵੀ ਥਾਂ ਤੇ ਮਿਲ ਸਕਦੇ ਹਾਂ; ਸਾਨੂੰ ਪ੍ਰਭੂ ਦੇ ਨਾਲ ਮਿਲਣ ਦੇ ਲਈ ਕਿਸੇ ਖਾਸ ਥਾਂ ਤੇ ਜਾਣ ਦੀ ਲੋੜ ਨਹੀਂ ਹੈ (ਵੇਖੋ ਯੂਹੰਨਾ 4:21-24)। ਜਿਹੜੇ ਕਲੀਸੀਆ ਵਿਚ ਹਨ ਉਹ ਪ੍ਰਭੂ ਵਿਚ ਹਨ ਅਤੇ ਪ੍ਰਭੂ ਹਰੇਕ ਮਸੀਹੀ ਵਿਅਕਤੀ ਵਿਚ ਹੈ। ਜੇਕਰ ਤੁਸੀਂ ਮਸੀਹੀ ਹੋ, ਤਾਂ ਤੁਸੀਂ ਹਮੇਸ਼ਾ ਮਸੀਹ ਦੇ ਕੋਲ ਜਾ ਸਕਦੇ ਹੋ।

---

ਟਿੱਪਣੀਆਂ

[1]ਜੌਨ ਆਈ. ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 355. [2]ਜੌਨ ਜੇ. ਡੇਵਿਸ, *ਮੋਜਜ ਐਂਡ ਦ ਗੌਡਸ ਆਫ਼ ਇਜਿਪਟ: ਸਟੱਡੀਜ਼ ਇਨ ਐਕਸੋਡਸ*, ਦੂਜਾ ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1986), 263. [3]KJV ਬਾਈਬਲ ਇਬਰਾਨੀ ਸ਼ਬਦ ਦਾ ਅਨੁਵਾਦ "ਕਾਂਸ" ਕਰਦੀ ਹੈ। ਹੋਰ ਅਨੁਵਾਦਾਂ ਵਿਚ "ਪਿੱਤਲ" ਹੈ (NKJV; NASB; NRSV; NIV)। ਆਰ. ਐਲਨ ਕੋਲ ਨੇ ਸੁਝਾਅ

ਦਿੱਤਾ ਸੀ ਕਿ ਇਹ ਧਾਤੂ ਤਾਂਬਾ ਸੀ। (ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼* [ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973], 189.) [4]ਉਸੇ ਸਥਾਨ ਤੇ, 190. [5]ਉਸੇ ਸਥਾਨ ਤੇ, 189. [6]ਡਰਹਮ, 355. [7]ਕੋਲ, 190. [8]ਉਸੇ ਸਥਾਨ ਤੇ, 192. [9]ਉਸੇ ਸਥਾਨ ਤੇ, 191. [10]ਰੋਨਲਡ ਐਫ. ਯੰਗਬਲੱਡ, *ਐਕਸੋਡਸ*, ਐਵਰੀਮੈਨਜ ਬਾਈਬਲ ਕਮੈਂਟਰੀ (ਸ਼ਿਕਾਗੋ: ਮੂਡੀ ਬਾਈਬਲ ਇੰਸਟੀਚਿਊਟ, 1983), 122.

[11]ਕੋਲ, 191. [12]ਅਮਬਰਟੋ ਕਸੁੱਟੋ, *ਏ ਕਮੈਂਟਰੀ ਆਨ ਦ ਬੁਕ ਆਫ਼ ਐਕਸੋਡਸ*, ਅਨੁਵਾਦ. ਇਜਰਾਏਲ ਅਬਰਾਹਾਮਜ (ਯਰੂਸ਼ਲਮ: ਮੈਗਨਸ ਪ੍ਰੈਸ, 1997), 330. [13]ਵਿਲਬਰ ਫੀਲਡਸ, *ਇਕਸਪਲੋਰਿੰਗ ਐਕਸੋਡਸ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ, 1976), 579. [14]ਕੋਲ, 193. [15]ਈ. ਟੀ. ਕੈਸਲ, "ਆਈ ਐਮ ਏ ਸਟਰੇਂਜਰ ਹੇਅਰ," *ਸੋਂਗਸ ਆਫ਼ ਫੇਥ ਐਂਡ ਪਰੇਸ*, ਰਚਨਾ ਅਤੇ ਸੰਪਾ. ਐਲਟਨ ਐਚ. ਹੋਵਰਡ (ਵੈਸਟ ਮੋਨਰੋ, ਲਾਸ ਏਂਜਲਸ: ਹੋਵਰਡ ਪਬਲਿਸ਼ਿੰਗ ਕੰਪਨੀ, 1994)।